## ਅਧਿਆਇ 15

# ਸਰੀਰਕ ਰਿਸਾਵਾਂ ਨਾਲ ਹੋਣ ਵਾਲੀ ਅਸ਼ੁੱਧਤਾ

ਲੇਵੀਆਂ 15 ਅਧਿਆਇ ਦੇ ਨਾਲ ਅਸ਼ੁੱਧਤਾ ਦੀ ਮੁਸ਼ਕਿਲ ਨਾਲ ਨਿਪਟਣ ਵਾਲਾ ਪੁਸਤਕ ਦਾ ਭਾਗ ਮੁੱਕ ਜਾਂਦਾ ਹੈ। ਅਧਿਆਇ 11 ਵਿਚ ਸ਼ੁੱਧ ਅਤ ਅਸ਼ੁੱਧ ਜੀਵਾਂ ਦੀ ਪਰਿਭਾਸ਼ਾ (ਖ਼ਾਸ ਤੌਰ ਤੇ ਉਨ੍ਹਾਂ ਜੀਵਾਂ ਸਬੰਧੀ ਜਿਨ੍ਹਾਂ ਨੂੰ ਇਸਰਾਏਲੀ ਖਾ ਸਕਦੇ ਸਨ ਅਤੇ ਜਿਨ੍ਹਾਂ ਨੂੰ ਨਹੀਂ ਖਾ ਸਕਦੇ ਸਨ)। ਅਧਿਆਇ 12 ਜਣੇਪੇ ਨਾਲ ਹੋਣ ਵਾਲੀ ਔਰਤ ਦੀ ਅਸ਼ੁੱਧਤਾ ਨਾਲ ਸਬੰਧਿਤ ਹੈ। ਅਧਿਆਇ 13 ਅਤੇ 14 ਦੱਸਦੇ ਹਨ ਕਿ ''ਕੋੜ੍ਹ'' (ਚਮੜੀ ਦਾ ਇਕ ਰੋਗ ਜਾਂ ਚਮੜੀ ਦੇ ਰੋਗ ਵਰਗਾ ਕੁਝ) ਨਾਲ ਪ੍ਰਭਾਵਿਤ ਮਨੁੱਖੀ ਜੀਵਾਂ, ਕੱਪੜਿਆਂ ਜਾਂ ਘਰਾਂ ਨਾਲ ਕੀ ਕੀਤਾ ਜਾਵੇ। ਅਧਿਆਇ 15 ਵਿਚ ਪੁਰਖਾਂ ਅਤੇ ਇਸਤਰੀਆਂ ਦੋਹਾਂ ਨਾਲ ਸਬੰਧਿਤ ਨਿਯਮ ਹਨ ਜੋ ਉਨ੍ਹਾਂ ਦੇ ਗੁਪਤ ਅੰਗਾਂ ਤੋਂ ਸਰੀਰਕ ਰਿਸਾਵ ਨਾਲ ਹੋਣ ਵਾਲੀ ਅਸ਼ੁੱਧਤਾ ਦੇ ਨਾਲ ਨਾਲ ਇਸ ਦੀ ਰਸਮੀ ਸ਼ੁੱਧਤਾ ਦੀ ਬਹਾਲੀ ਦੀ ਪ੍ਰਕਿਰਿਆ ਵੀ ਸੀ।

ਅਧਿਆਇ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ: (1) ਆਇਤਾਂ 1 ਤੋਂ 15 ਪੁਰਖ ਦੇ *ਗੈਰ ਮਾਮੂਲੀ* ਰਿਸਾਵ ਨਾਲ ਸਬੰਧਿਤ ਹਨ। (2) ਆਇਤਾਂ 16 ਅਤੇ 17 ਪੁਰਖ ਦੇ *ਮਾਮੂਲੀ* ਰਿਸਾਵ ਨਾਲ ਸਬੰਧਿਤ ਹਨ। (3) ਆਇਤ 18 ਵਿਚ ਇਸਤਰੀ ਨਾਲ ਸਰੀਰਕ ਸਬੰਧਾਂ ਵਿਚ ਪੁਰਖ ਦੇ ਰਿਸਾਵ ਨਾਲ ਦੋਵੇਂ ਅਸ਼ੁੱਧ ਹੋ ਜਾਂਦੇ ਸਨ। ਫਿਰ ਆਇਤਾਂ 19 ਤੋਂ 30 ਔਰਤ ਦੇ ਗੈਰ ਮਾਮੂਲੀ ਅਤੇ ਮਾਮੂਲੀ ਰਿਸਾਵਾਂ ਨਾਲ ਸਬੰਧਿਤ ਹਨ, ਪਰ ਇਸ ਦੀ ਤਰਤੀਬ ਆਦਮੀ ਨਾਲ ਸਬੰਧਿਤ ਪਿੱਛਲੀਆਂ ਹਦਾਇਤਾਂ ਤੋਂ ਉਲਟ ਹੈ: (4) ਆਇਤਾਂ 19 ਤੋਂ 24 ਉਸ ਬਾਰੇ ਦੱਸਦੀਆਂ ਹਨ ਜੋ ਔਰਤ ਦੇ ਮਾਮੂਲੀ ਰਿਸਾਵ ਲਈ ਕਰਨਾ ਹੁੰਦਾ ਸੀ ਅਤੇ (5) ਆਇਤਾਂ 25 ਤੋਂ 30 ਦੱਸਦੀਆਂ ਹਨ ਕਿ *ਗੈਰ ਮਾਮੂਲੀ* ਰਿਸਾਵ ਹੋਣ ਤੇ ਉਹਨੇ ਕੀ ਕਰਨਾ ਹੁੰਦਾ ਸੀ। ਅਧਿਆਇ ਦੀਆਂ ਆਖ਼ਰੀ ਤਿੰਨ ਆਇਤਾਂ ਇਸ ਵਿਚਲੀਆਂ ਗੱਲਾਂ ਦੀ ਸਮੀਖਿਆ ਕਰਦੀਆਂ ਹਨ।

ਅਧਿਆਇ ਦੇ ਪੰਜ ਹਿੱਸੇ ਕਿਆਜ਼ਮ ਰੂਪ ਵਿਚ ਹਨ:[1]

A1: ਆਦਮੀ ਦਾ ਲੰਮੀ ਦੇਰ ਤਕ ਗੈਰ ਮਾਮੂਲੀ ਰਿਸਾਵ (15:1–15)
  B1: ਆਦਮੀ ਦਾ ਥੋੜ੍ਹੀ ਦੇਰ ਦਾ ਮਾਮੂਲੀ ਰਿਸਾਵ (15:16, 17)
    C: ਆਦਮੀ ਅਤੇ ਔਰਤ ਜਿਨ੍ਹਾਂ ਦੇ ਸਰੀਰ ਸਬੰਧ ਬਣੇ ਹੋਣ (15:18)
  B2: ਔਰਤ ਦਾ ਥੋੜ੍ਹੀ ਦੇਰ ਦਾ ਮਾਮੂਲੀ ਰਿਸਾਵ (15:19–24)
A2: ਔਰਤ ਦਾ ਲੰਮੀ ਦੇਰ ਤਕ ਗੈਰ ਮਾਮੂਲੀ ਰਿਸਾਵ (15:25–30)

ਇਹ ਬਣਤਰ ਸਰੀਰ ਵਿੱਚੋਂ ਰਿਸਾਵ ਨਾਲ ਹੋਣ ਵਾਲੀ ''ਅਸ਼ੁੱਧਤਾ'' ਨਾਲ ਸਬੰਧਿਤ ਦੋਹਾਂ ਲਿੰਗਾਂ ਵਿਚਕਾਰ ਸਮਾਨਤਾ ਦਾ ਸੁਝਾਅ ਦਿੰਦੀ ਹੈ। ਪੁਰਖ ਅਤੇ ਇਸਤਰੀਆਂ ਦੋਹਾਂ ਦੇ ਸਰੀਰਾਂ ਵਿੱਚੋਂ ਮਾਮੂਲੀ ਅਤੇ ਗੈਰ ਮਾਮੂਲੀ ਰਿਸਾਵ ਹੁੰਦਾ ਹੈ ਅਤੇ ਇਹ ਸਭ ਪਰਮੇਸ਼ੁਰ ਦੇ ਲੋਕਾਂ ਨੂੰ ਅਸ਼ੁੱਧ ਕਰਦੇ ਸਨ। ਪੁਰਖ

ਅਤੇ ਇਸਤਰੀ ਦੋਹਾਂ ਦੇ ਰਿਸਾਵ ਨਾਲ ਇੱਕੋ ਜਿਹੀਆਂ ਮੁਸ਼ਕਿਲਾਂ ਹੁੰਦੀਆਂ ਸਨ ਅਤੇ ਗੈਰ ਮਾਮੂਲੀ ਰਿਸਾਵ ਦੇ ਠੀਕ ਹੋਣ ਤੇ ਦਿੱਤੀਆਂ ਜਾਣ ਵਾਲੀਆਂ ਭੇਟਾਂ ਸਣੇ, ਦੋਹਾਂ ਦਾ ਹੱਲ ਵੀ ਇੱਕੋ ਹੀ ਸੀ।

ਕਿਆਜ਼ਮ ਦੀ ਬਣਤਰ ਇਸ ਦੀ ਮੁੱਖ ਗੱਲ ਦੇ ਸਭ ਤੋਂ ਅਹਿਮ ਹੋਣ ਵੱਲ ਇਸ਼ਾਰਾ ਕਰਦੀ ਹੈ। ਇਸ ਬਣਤਰ ਦਾ ਕੇਂਦਰ ਇਕ ਆਇਤ ਹੈ ਜਿਹੜੀ ਪਤੀ ਅਤੇ ਉਸ ਦੀ ਪਤਨੀ ਵਿਚਕਾਰ ਆਮ ਸਰੀਰਕ ਸਬੰਧਾਂ ਦੇ ਸਬੰਧ ਵਿਚ ਪੁਰਖ ਅਤੇ ਇਸਤਰੀ ਦੋਹਾਂ ਨਾਲ ਸਬੰਧਿਤ ਹੈ। ਭਾਵ ਇਹ ਕਿ ਪਰਮੇਸ਼ੁਰ ਨੇ ਆਦਮੀ ਅਤੇ ਉਸ ਦੀ ਪਤਨੀ ਵਿਚਕਾਰ ਸਰੀਰਕ ਸਬੰਧ ਨੂੰ ਮਨੁੱਖੀ ਜੀਵਨ ਦੇ ਅਹਿਮ ਹਿੱਸੇ ਦੇ ਰੂਪ ਵਿਚ ਮਾਨਤਾ ਦਿੱਤੀ।

## ਆਦਮੀ ਦੀ ਅਸ਼ੁੱਧਤਾ (15:1-18)

### ਗੈਰ ਮਾਮੂਲੀ ਰਿਸਾਵ ਨਾਲ ਆਦਮੀ ਦੀ ਅਸ਼ੁੱਧੀ (15: 1-12)

**1ਯਹੋਵਾਹ ਮੂਸਾ ਅਤੇ ਹਾਰੂਨ ਨੂੰ ਬੋਲਿਆ ਕਿ 2ਇਸਰਾਏਲੀਆਂ ਨਾਲ ਗੱਲ ਕਰੋ ਅਤੇ ਉਨ੍ਹਾਂ ਨੂੰ
ਇਹ ਆਖੋ, ਜੇ ਕਿਸੇ ਮਨੁੱਖ ਦੇ ਸਰੀਰ ਵਿੱਚ ਪ੍ਰਮੇਹ ਰੋਗ ਹੋਵੇ ਤਾਂ ਉਸ ਪ੍ਰਮੇਹ ਰੋਗ ਕਰਕੇ ਅਸ਼ੁੱਧ ਹੈ
3ਅਤੇ ਉਸ ਦੇ ਪ੍ਰਮੇਹ ਵਿੱਚ ਉਸ ਦੀ ਅਸ਼ੁੱਧਤਾਈ ਇਹ ਹੈ,ਭਾਵੇਂ ਉਸ ਦੇ ਸਰੀਰ ਤੋਂ ਪ੍ਰਮੇਹ ਵਗੇ,
ਭਾਵੇਂ ਉਸ ਦੇ ਸਰੀਰ ਵਿੱਚ ਬੰਦ ਹੋ ਜਾਏ, ਤਾਂ ਭੀ ਉਸ ਦੀ ਅਸ਼ੁੱਧਤਾਈ ਹੈ, 4ਸੱਭੇ ਸੇਜਾਂ ਜਿਨ੍ਹਾਂ ਦੇ
ਉੱਤੇ ਪ੍ਰਮੇਹ ਵਾਲਾ ਲੰਮਾ ਪਵੇ ਅਸ਼ੁੱਧ ਹੋਣ ਅਤੇ ਸੱਭੇ ਜਿਨ੍ਹਾਂ ਉੱਤੇ ਉਹ ਬਹੇ ਅਸ਼ੁੱਧ ਹੋਣ 5ਅਤੇ ਜਿਹੜਾ
ਉਸ ਦੀ ਸੇਜ ਨੂੰ ਛੋਹੇ ਸੋ ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ
6ਅਤੇ ਜਿਹੜਾ ਕਿਸੇ ਵਸਤ ਉੱਤੇ ਜਿਸ ਦੇ ਉੱਤੇ ਜਿਹੜਾ ਉਹ ਪ੍ਰਮੇਹ ਵਾਲਾ ਬੈਠਾ ਸੀ, ਬੈਠੇ, ਤਾਂ
ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ 7ਅਤੇ ਜਿਹੜਾ ਉਸ ਪ੍ਰਮੇਹ
ਵਾਲੇ ਦੇ ਸਰੀਰ ਨੂੰ ਛੋਹੇ ਸੋ ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ
ਰਹੇ 8ਅਤੇ ਜੇ ਕਦੀ ਪ੍ਰਮੇਹ ਵਾਲਾ ਸ਼ੁੱਧ ਵਾਲੇ ਦੇ ਉੱਤੇ ਥੁੱਕੇ ਤਾਂ ਉਹ ਆਪਣੇ ਲੀੜੇ ਧੋਵੇ ਅਤੇ ਪਾਣੀ
ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ 9ਅਤੇ ਜਿਹੜੀ ਕਾਠੀ ਉੱਤੇ ਉਹ ਪ੍ਰਮੇਹ ਵਾਲਾ ਬਹਿੰਦਾ
ਹੈ ਸੋ ਅਸ਼ੁੱਧ ਹੋਵੇ 10ਅਤੇ ਜਿਹੜਾ ਕਿਸੇ ਵਸਤ ਨੂੰ ਛੋਹੇ ਜੋ ਉਸ ਦੇ ਹੇਠ ਸੀ ਸੋ ਸੰਧਿਆ ਤੋੜੀ ਅਸ਼ੁੱਧ
ਰਹੇ ਅਤੇ ਜਿਹੜਾ ਉਨ੍ਹਾਂ ਵਸਤਾਂ ਵਿੱਚੋਂ ਕਿਸੇ ਵਸਤ ਨੂੰ ਚੁੱਕੇ ਤਾਂ ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ
ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ 11ਅਤੇ ਜਿਸ ਨੂੰ ਪ੍ਰਮੇਹ ਵਾਲਾ ਛੋਹੇ ਅਤੇ ਉਸ ਨੇ ਆਪਣੇ ਹੱਥ
ਨਾ ਧੋਤੇ ਹੋਣ ਸੋ ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ 12ਅਤੇ
ਉਹ ਮਿੱਟੀ ਦਾ ਭਾਂਡਾ ਜਿਸ ਨੂੰ ਪ੍ਰਮੇਹ ਵਾਲਾ ਛੋਹੇ ਸੋ ਭੰਨਿਆ ਜਾਏ ਅਤੇ ਸੱਭੇ ਲੱਕੜ ਦੇ ਭਾਂਡੇ ਪਾਣੀ
ਨਾਲ ਧੋਤੇ ਜਾਣ।**

ਅਸ਼ੁੱਧਤਾ ਸਬੰਧੀ ਹਦਾਇਤਾਂ ਦੀ ਸ਼ੁਰੂਆਤ ਆਦਮੀ ਦੇ ਕਾਫ਼ੀ ਦੇਰ ਤਕ ਹੁੰਦੇ ਰਹਿਣ ਵਾਲੇ ਗੈਰ ਮਾਮੂਲੀ ਰਿਸਾਵ ਦੀ ਗੱਲ ਕਰਨ ਨਾਲ ਹੁੰਦੀ ਸੀ।

**ਆਇਤਾਂ 1-3.** ਅੱਗੇ ਦਿੱਤੇ ਗਏ ਨਿਯਮਾਂ ਦੇ ਐਲਾਨ ਤੋਂ ਪਹਿਲਾਂ ਇਹ ਗੱਲ ਆਖੀ ਗਈ ਕਿ ਇਹ ਨਿਯਮ ਕਿਸ ਨੇ ਦਿੱਤੇ: **ਯਹੋਵਾਹ** ਨੇ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਕਿਸ ਨੂੰ ਦੱਸੇ ਗਏ ਸਨ: **ਮੂਸਾ ਅਤੇ ਹਾਰੂਨ ਨੂੰ**। ਅਖ਼ੀਰ ਵਿਚ ਪਾਠਕ ਨੂੰ ਉਹ ਮਕਸਦ ਦੱਸਿਆ ਗਿਆ ਹੈ ਜਿਹਦੇ ਲਈ ਇਹ ਨਿਯਮ ਦਿੱਤੇ ਗਏ ਸਨ: ਤਾਂ ਜੋ ਮੂਸਾ ਅਤੇ ਹਾਰੂਨ **ਇਸਰਾਏਲੀਆਂ ਨਾਲ ਗੱਲ** ਕਰ ਕੇ ਉਨ੍ਹਾਂ ਨੂੰ ਇਹ ਨਿਯਮ ਸਿਖਾ ਸਕਣ (ਵੇਖੋ 10: 10)।

*ਅਸ਼ੁੱਧਤਾ ਦੀ ਪਰਿਭਾਸ਼ਾ ਦਿੱਤੀ ਗਈ।* ਇਸ ਤੋਂ ਬਾਅਦ ਕਿਤਾਬ ਦੀ ਇਸ ਭਾਗ ਵਿਚਲੇ ਵਿਸ਼ੇ ਨੂੰ

ਧਿਆਨ ਵਿਚ ਰੱਖਦਿਆਂ, ਇਸ ਪੈਰ੍ਹੇ ਦਾ ਵਿਸ਼ਾ ਆਦਮੀ ਦੇ **ਸਰੀਰ ਨੂੰ ਪ੍ਰਮੇਹ ਰੋਗ** ਹੋਣ ਦੀ ਪਰਿਭਾਸ਼ਾ ਦੱਸਦਾ ਹੈ, ਜਿਸ ਨਾਲ **ਉਹ ਅਸ਼ੁੱਧ** ਹੋ ਜਾਂਦਾ ਸੀ। ਇਸ ਅਧਿਆਇ ਵਿਚ ''ਸਰੀਰ'' (*baśar*, *ਮੂਲ ਵਿਚ*, ''ਕਾਇਆ'') ''[ਜਨਨ] ਇੰਦ੍ਰੀਆਂ ਲਈ ਸਾਊ ਸ਼ਬਦ ਹੈ ([ਵੇਖੋ] ਉਤਪਤ 17:14; ਹਿਜ਼ਕੀਏਲ 23:20, ਜਿੱਥੇ ਇਹੀ ਇਬਰਾਨੀ ਸ਼ਬਦ ਵਰਤਿਆ ਗਿਆ ਹੈ)।''[2] ''ਸਰੀਰ'' ਵਿੱਚੋਂ ਇਸ ''ਪ੍ਰਮੇਹ'' (ਜਾਂ ਰਿਸਾਵ) ਦੀ ਪਰਿਭਾਸ਼ਾ ਨਹੀਂ ਦਿੱਤੀ ਗਈ, ਸਿਵਾਇ ਇਹ ਕਹਿਣ ਦੇ ਕਿ ਇਹ ਰੁਕ–ਰੁਕ ਕੇ **ਵਗ**[3] ਸਕਦਾ ਹੈ ਭਾਵ ਸਰੀਰ ਵਿੱਚੋਂ ਕਦੇ ਵਗਦਾ ਹੋ ਸਕਦਾ ਹੈ ਅਤੇ ਕਦੇ ਵਗਣਾ ਬੰਦ ਹੋ ਸਕਦਾ ਹੈ। ਇਹ ''ਪ੍ਰਮੇਹ'' ਕੀ ਸੀ? ਸਾਫ਼ ਲਗਦਾ ਹੈ ਕਿ ਇਹ ਗੈਰ ਮਾਮੂਲੀ ਰਿਸਾਵ ਸੀ, ਕਿਉਂ ਜੋ ਮਾਮੂਲੀ ਰਿਸਾਵ ਦੇ ਸਬੰਧ ਵਿਚ ਅਧਿਆਇ ਵਿਚ ਅੱਗੇ ਦੱਸਿਆ ਗਿਆ ਹੈ; ਪਰ ਇਹ ਕੀ ਸੀ ਇਸ ਦਾ ਪਤਾ ਨਹੀਂ। ਕਈ ਲੋਕ ਇਸ ਨੂੰ ਸੁਜਾਕ ਜਾਂ ਗਨੋਰੀਆ ਦੀ ਕਿਸਮ ਦੱਸਦੇ ਹਨ ਜਿਸ ਨਾਲ ਚਿੱਟਾ ਤਰਲ ਨਿੱਕਲਦਾ ਹੈ।[4] ਇਸ ਦੀ ਵਿਆਖਿਆ ਦਸਤ ਦੇ ਰੂਪ ਵਿਚ ਵੀ ਕੀਤੀ ਗਈ ਹੈ, ਭਾਵੇਂ ਅਜਿਹਾ ਲਗਦਾ ਨਹੀਂ ਹੈ।[5] ਇੱਕੋ ਗੱਲ ਜੋ ਪੱਕੇ ਤੌਰ ਤੇ ਪਤਾ ਲਗ ਸਕਦੀ ਹੈ ਉਹ ਇਹ ਹੈ ਕਿ ਇਹ ਕਿਸੇ ਤਰ੍ਹਾਂ ਦੇ ਤਰਲ ਦਾ ਰਿਸਣਾ ਸੀ। ਇਹ ਸਿਰਫ਼ ਆਦਮੀਆਂ ਨੂੰ ਹੀ ਹੁੰਦਾ ਹੋਵੇਗਾ, ਅਤੇ ਇਹ ਗੈਰ ਮਾਮੂਲੀ ਅਤੇ ਥੋੜ੍ਹੀ ਦੇਰ ਤਕ ਰਹਿੰਦਾ ਸੀ।

**ਆਇਤਾਂ 4-12.** *ਅਸ਼ੁੱਧਤਾ ਦੇ ਨਤੀਜੇ।* ਆਦਮੀ ਨੂੰ ਅਸ਼ੁੱਧ ਕਰ ਦੇਣ ਵਾਲੇ ਰਿਸਾਵ ਜਾਂ ''ਪ੍ਰਮੇਹ'' ਦੀ ਪਰਿਭਾਸ਼ਾ ਦੇਣ ਤੋਂ ਬਾਅਦ ਪਰਮੇਸ਼ੁਰ ਨੇ ਉਸ ਅਸ਼ੁੱਧਤਾ ਦੇ ਨਤੀਜਿਆਂ ਦਾ ਵਰਣਨ ਕੀਤਾ। ਭਾਵੇਂ ਮਨੁੱਖ ਹੋਵੇ ਭਾਵੇਂ ਬੇਜਾਨ ਚੀਜ਼ਾਂ, ਲਗਭਗ ਹਰ ਚੀਜ਼ ਅਸ਼ੁੱਧ ਆਦਮੀ ਦੇ ਕਿਸੇ ਵੀ ਤਰ੍ਹਾਂ ਨਾਲ ਛੂਹ ਲੈਣ ਨਾਲ ਉਹ ਅਸ਼ੁੱਧ ਹੋ ਜਾਂਦੀ ਅਤੇ ਉਸ ਦਾ ਸ਼ੁੱਧ ਕੀਤਾ ਜਾਣਾ ਜ਼ਰੂਰੀ ਹੁੰਦਾ ਸੀ। ਵਚਨ ਦੱਸਦਾ ਹੈ ਕਿ ਕੋਈ ਵੀ ਚੀਜ਼ ਜਿਸ ਉੱਤੇ ਅਸ਼ੁੱਧ ਆਦਮੀ ਲੇਟਿਆ ਜਾਂ ਬੈਠਿਆ ਹੋਵੇ ਜਿਵੇਂ **ਸੇਜ** (15:4) ਜਾਂ **ਤਾਕੀ** (15:9), **ਅਸ਼ੁੱਧ** ਹੋ ਜਾਂਦੇ ਸਨ। ਇਸ ਕਰਕੇ ਜਿਹੜਾ ਵੀ ਉਸ ਉੱਤੇ ਜਿਸ ਉੱਤੇ ਉਹ ਬੈਠਿਆ ਜਾਂ ਲੇਟਿਆ ਹੋਵੇ, ਬੈਠ, ਲੇਟ ਜਾਂ ਉਹਨੂੰ ਚੁੱਕ ਲੈਂਦਾ, ਉਹ **ਅਸ਼ੁੱਧ** ਹੋ ਜਾਂਦਾ (15:5, 6, 10)। ਇਸ ਤੋਂ ਇਲਾਵਾ ਜਿਹੜਾ ਵੀ **ਪ੍ਰਮੇਹ** ਵਾਲੇ ਆਦਮੀ ਨੂੰ ਛੂਹ ਲੈਂਦਾ ਉਹ ਵੀ **ਅਸ਼ੁੱਧ** (15:7) ਹੋ ਜਾਂਦਾ। ਜੇ ਉਹ ਕਿਸੇ ਉੱਤੇ ਥੁੱਕਦਾ ਜਾਂ ਕਿਸੇ ਚੀਜ਼ ਨੂੰ ਛੂਹ ਲੈਂਦਾ (**ਆਪਣੇ ਹੱਥ ਧੋਤੇ** ਬਿਨਾਂ) ਤਾਂ ਉਹ ਵਿਅਕਤੀ ਜਾਂ ਵਸਤੂ ਵੀ ਅਸ਼ੁੱਧ ਹੋ ਜਾਂਦੀ (15:8, 11)। ਪਰ ਆਦਮੀ ਦੇ ''ਪ੍ਰਮੇਹ'' ਨਾਲ ਜੁੜੀ ਅਸ਼ੁੱਧਤਾ ਨੂੰ ਅਸਾਨੀ ਨਾਲ ਦੂਰ ਹੋ ਜਾਂਦੀ। ਅਸ਼ੁੱਧਤਾ ਨਾਲ ਪ੍ਰਭਾਵਿਤ ਹੋਣ ਵਾਲੇ ਲਈ ਸਿਰਫ਼ ਇਹ ਜ਼ਰੂਰੀ ਸੀ ਕਿ **ਉਹ ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆਂ ਤੋੜੀ ਅਸ਼ੁੱਧ ਰਹੇ** (15:5–8, 10, 11)।

ਆਇਤ 12 ਸੰਭਵ ਤੌਰ ਤੇ ਉਨ੍ਹਾਂ ਭਾਂਡਿਆਂ ਦੀ ਗੱਲ ਕਰਦੀ ਹੈ ਜਿਨ੍ਹਾਂ ਵਿਚ ਪਿਛਲੀਆਂ ਆਇਤਾਂ ਵਾਲੀਆਂ ਚੀਜ਼ਾਂ ਧੋਤੀਆਂ ਗਈਆਂ। **ਮਿੱਟੀ ਦਾ ਭਾਂਡਾ** ਜਿਸ ਵਿਚ ਅਸ਼ੁੱਧ ਵਿਅਕਤੀ ਨ੍ਹਾਤਾ ਹੋਵੇ **ਭੰਨਿਆ** ਜਾਣਾ ਜ਼ਰੂਰੀ ਸੀ (ਵੇਖੋ 6:28; 11:33)। ਵਿਚਾਰ ਇਹ ਹੈ ਕਿ ਛਿਦਰੀ ਸਮੱਗਰੀ ਨੇ ਜਿਸ ਦਾ ਉਹ ਭਾਂਡਾ ਬਣਿਆ ਸੀ, ਉਸ ਦੀ ਅਸ਼ੁੱਧਤਾ ਨੂੰ ਜਜ਼ਬ ਕਰ ਲੈਣਾ ਸੀ ਅਤੇ ਉਸ ਨੂੰ ਧੋਣ ਨਾਲ ਉਹ ਅਸ਼ੁੱਧਤਾ ਜਾਣੀ ਨਹੀਂ ਸੀ। ਪਰ ਇਸੇ ਮਕਸਦ ਲਈ ਵਰਤੇ ਗਏ **ਲੱਕੜ ਦੇ ਭਾਂਡੇ ਪਾਣੀ ਨਾਲ ਧੋਤੇ** ਜਾ ਕੇ ਸ਼ੁੱਧ ਹੋ ਸਕਦੇ ਸਨ।

### ਗੈਰ ਮਾਮੂਲੀ ਪ੍ਰਮੇਹ ਵਾਲੇ ਆਦਮੀ ਦੀ ਅਸ਼ੁੱਧੀ (15:13-15)

**13ਅਤੇ ਜਾਂ ਪ੍ਰਮੇਹ ਵਾਲਾ ਪ੍ਰਮੇਹ ਤੋਂ ਸ਼ੁੱਧ ਹੋ ਜਾਵੇ ਤਾਂ ਉਹ ਆਪਣੇ ਲਈ ਆਪਣੇ ਸ਼ੁੱਧ ਹੋਣ ਕਰਕੇ ਸੱਤ ਦਿਨ ਗਿਣੇ ਅਤੇ ਆਪਣੇ ਲੀੜੇ ਧੋਵੇ ਅਤੇ ਵਗਦੇ ਪਾਣੀ ਵਿੱਚ ਨ੍ਹਾਵੇ ਅਤੇ ਉਹ ਸ਼ੁੱਧ ਹੋਵੇਗਾ**

**[14]ਅਤੇ ਅਠਵੇਂ ਦਿਨ ਉਹ ਦੋ ਘੁੱਗੀਆਂ ਯਾ ਕਬੂਤਰਾਂ ਦੇ ਦੋ ਬੱਚੇ ਲੈ ਕੇ ਯਹੋਵਾਹ ਦੇ ਅੱਗੇ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਆਵੇ ਅਤੇ ਜਾਜਕ ਨੂੰ ਦੇ ਦੇਵੇ [15]ਅਤੇ ਜਾਜਕ ਉਨ੍ਹਾਂ ਨੂੰ ਚੜ੍ਹਾਵੇ, ਇੱਕ ਤਾਂ ਪਾਪ ਦੀ ਭੇਟ ਕਰਕੇ ਅਤੇ ਦੂਜਾ ਹੋਮ ਦੀ ਭੇਟ ਕਰਕੇ ਅਤੇ ਜਾਜਕ ਉਸ ਦੇ ਪ੍ਰਮੇਹ ਕਰਕੇ ਉਸ ਦੇ ਲਈ ਯਹੋਵਾਹ ਦੇ ਅੱਗੇ ਪ੍ਰਾਸਚਿਤ ਕਰੇ।**

ਲੇਵੀਆਂ 15: 1–12 ਦੱਸਦਾ ਹੈ ਕਿ ਰੁਕ ਰੁਕ ਕੇ ਰਿਸਾਓ ਹੋਣ ਵਾਲੇ ਅਸ਼ੁੱਧ ਆਦਮੀ ਨਾਲ ਦੂਸ਼ਿਤ ਹੋਣ ਵਾਲਾ ਦੂਜਾ ਵਿਅਕਤੀ ਕਿਵੇਂ ਸ਼ੁੱਧ ਹੋ ਸਕਦਾ ਸੀ। ਇਸ ਪੈਰ੍ਹੇ ਵਿਚ ਇਸ ਸਵਾਲ ਉੱਤੇ ਚਰਚਾ ਕੀਤੀ ਗਈ ਹੈ ਕਿ ਰਿਸਾਵ ਤੋਂ ''ਸ਼ੁੱਧ'' ਹੋਣ ਲਈ ਉਸ ਆਦਮੀ ਲਈ ਕੀ ਕਰਨਾ ਜ਼ਰੂਰੀ ਸੀ।

**ਆਇਤਾਂ 13-15.** ਪ੍ਰਮੇਹ ਵਾਲੇ ਆਦਮੀ ਨੂੰ ਰਸਮੀ ਤੌਰ ਤੇ ਸ਼ੁੱਧ ਹੋਣ ਦੀ ਹਾਲਤ ਵਿਚ ਬਹਾਲ ਕਰਨ ਲਈ ਜੋ ਜੋ ਕੀਤਾ ਜਾਣਾ ਜ਼ਰੂਰੀ ਸੀ ਪਰਮੇਸ਼ੁਰ ਨੇ ਉਸ ਦੀਆਂ ਹਦਾਇਤਾਂ ਦੱਸੀਆਂ। ਇਸ ਵਿਚ ਤਿੰਨ ਕਦਮ ਸ਼ਾਮਿਲ ਸਨ।

ਪਹਿਲਾਂ ਤਾਂ, ਉਸਦਾ **ਪ੍ਰਮੇਹ ਤੋਂ ਸ਼ੁੱਧ** ਹੋਣਾ ਜ਼ਰੂਰੀ ਸੀ (15: 13)। ਦੂਜੇ ਸ਼ਬਦਾਂ ਵਿਚ ਉਸ ਦਾ ''ਰਿਸਾਓ'' ਠੀਕ ਹੋ ਗਿਆ ਹੋਣਾ ਜ਼ਰੂਰੀ ਸੀ।

ਦੂਜਾ, ਸ਼ਾਇਦ ਇਹ ਯਕੀਨੀ ਬਨਾਉਣ ਲਈ ਕਿ ਰਿਸਾਓ ਅਸਲ ਵਿਚ ਬੰਦ ਹੋ ਗਿਆ ਹੈ, ਉਹਦੇ ਲਈ ਜ਼ਰੂਰੀ ਸੀ ਕਿ **ਆਪਣੇ ਲਈ ਸੱਤ ਦਿਨ ਗਿਣੇ।** ਉਹ ਸਮਾਂ ਬੀਤ ਜਾਣ ਤੇ ਜ਼ਰੂਰੀ ਸੀ ਕਿ **ਉਹ ਆਪਣੇ ਲੀੜੇ ਧੋਵੇ ਅਤੇ ਨਹਾਵੇ**। ਇਸ ਤੋਂ ਬਾਅਦ ਉਹਨੇ **ਸ਼ੁੱਧ ਹੋ** ਜਾਣਾ ਹੁੰਦਾ ਸੀ (15: 13)।

ਤੀਜਾ, ਆਪਣੇ ਸ਼ੁੱਧ ਹੋਏ ਹੋਣ ਦੀ ਹਾਲਤ ਉੱਤੇ ਪਰਮੇਸ਼ੁਰ ਦੀ ਬਰਕਤ ਮੰਗਣ ਲਈ ਉਹਨੇ **ਯਹੋਵਾਹ ਦੇ ਅੱਗੇ** ਆਣ ਕੇ **ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਦੋ** ਪੰਛੀ ਚੜ੍ਹਾਉਣੇ ਹੁੰਦੇ ਸਨ (15: 14)। ਦੋਹਾਂ ਵਿੱਚੋਂ ਇਕ **ਪਾਪ ਦੀ ਭੇਟ** ਅਤੇ ਦੂਜਾ **ਹੋਮ ਦੀ ਭੇਟ** ਲਈ ਦੇਣਾ ਹੁੰਦਾ ਸੀ। ਪਾਪ ਦੀ ਭੇਟ ਦੇ ਰਾਹੀਂ ਉਹਨੇ ਰਸਮੀ ਸ਼ੁੱਧ ਕੀਤੇ ਜਾਣ ਦੀ ਇੱਛਾ ਕਰਨੀ ਅਤੇ ਹੋਮ ਦੀ ਭੇਟ ਤੋਂ ਉਹਨੂੰ ਆਪਣੀ ਚੰਗਿਆਈ ਲਈ ਧੰਨਵਾਦ ਜਤਾਉਣਾ ਹੁੰਦਾ ਸੀ ਅਤੇ ਯਹੋਵਾਹ ਲਈ ਆਪਣੇ ਆਪ ਨੂੰ ਫੇਰ ਤੋਂ ਅਰਪਿਤ ਕਰਨ ਦੀ ਆਪਣੀ ਇੱਛਾ ਜਤਾਉਣੀ ਹੁੰਦੀ ਸੀ। ਇਹ ਭੇਟਾਂ ਚੜ੍ਹਾ ਕੇ ਯਾਜਕ ਉਹਦੇ ਲਈ **ਯਹੋਵਾਹ ਦੇ ਅੱਗੇ ਪ੍ਰਾਸਚਿਤ** ਕਰਦਾ ਸੀ (15: 15)। ਸਰੀਰ ਵਿਚ ਰਿਸਾਵ ਨਾਲ ਜੁੜੀ ਅਸ਼ੁੱਧਤਾ ਨਿੱਕਲ ਜਾਣੀ ਹੁੰਦੀ ਸੀ ਅਤੇ (ਡੇਰੇ ਦੇ ਨਾਲ–ਨਾਲ) ਉਹਨੇ ਫੇਰ ਤੋਂ ਰਸਮੀ ਤੌਰ ਤੇ ਸ਼ੁੱਧ ਹੋ ਜਾਣਾ ਹੁੰਦਾ ਸੀ।

ਇਹ ਕਦਮ ਉਨ੍ਹਾਂ ਕਦਮਾਂ ਨਾਲ ਮਿਲਦੇ–ਜੁਲਦੇ ਹਨ ਜਿਹੜੇ ਅਧਿਆਇ 14 ਦੇ ਅਨੁਸਾਰ ਠੀਕ ਹੋਣ ਵਾਲੇ ਕੋੜ੍ਹੀ ਨੇ ਚੁੱਕਣੇ ਹੁੰਦੇ ਸਨ। ਦੋਹਾਂ ਵਿਚ ਇਕ ਫ਼ਰਕ ਇਹ ਹੈ ਕਿ ਕੋੜ੍ਹੀ ਵਿਅਕਤੀ ਦੀ ਫੇਰ ਤੋਂ ਬਹਾਲੀ ਜਾਂ ਦੂਸ਼ਿਤ ਚਮੜੀ ਦੀ ਖ਼ਰਾਬੀ ਲਈ ਦੋਸ਼ (ਜਾਂ ਮੁਆਵਜ਼ੇ) ਦੀ ਭੇਟ ਜ਼ਰੂਰੀ ਸੀ (14: 12, 21) ਜਦਕਿ ਸਰੀਰ ਦੇ ਗੈਰ–ਮਾਮੂਲੀ ਰਿਸਾਣਾਂ ਲਈ ਸ਼ੁੱਧ ਹੋਣ ਲਈ ਇਹਦੀ ਜ਼ਰੂਰਤ ਨਹੀਂ ਸੀ। ਇਕ ਹੋਰ ਇਹ ਹੈ ਕਿ ਚੰਗਿਆਈ ਪਾਉਣ ਵਾਲਾ ਕੋੜ੍ਹੀ ਜੇ ਕੰਗਾਲ ਹੁੰਦਾ ਤਾਂ ਉਹਨੇ ਪਾਪ ਦੀ ਭੇਟ ਅਤੇ ਹੋਮ ਦੀ ਭੇਟ ਲਈ ਦੋ ਲੇਲਿਆਂ ਦੀ ਥਾਂ ਦੋ ਪੰਛੀ ਚੜ੍ਹਾਉਣੇ ਹੁੰਦੇ ਸਨ (14:22); ਗੈਰ ਮਾਮੂਲੀ ਰਿਸਾਵ ਤੋਂ ਚੰਗਾ ਹੋਣ ਵਾਲੇ ਆਦਮੀ ਲਈ ਸਿਰਫ਼ ਦੋ ਪੰਛੀਆਂ ਦੀ ਕੁਰਬਾਨੀ ਹੀ ਦੱਸੀ ਗਈ ਸੀ (15: 14, 15)। ਇਨ੍ਹਾਂ ਹਦਾਇਤਾਂ ਤੋਂ ਇਸ ਵਿਚਾਰ ਨੂੰ ਸਮਰਥਨ ਮਿਲਦਾ ਹੈ ਕਿ ਪਰਮੇਸ਼ੁਰ ਦੀ ਨਜ਼ਰ ਵਿਚ ਸਰੀਰ ਵਿੱਚੋਂ ਨਿਕਲਣ ਵਾਲਾ ਰਿਸਾਵ ''ਕੋੜ੍ਹ'' ਜਿੰਨੀ ਗੰਭੀਰ ਗੱਲ ਨਹੀਂ ਸੀ।

**ਸਧਾਰਣ ਪ੍ਰਮੇਹ ਨਾਲ ਆਦਮੀ ਦੀ ਅਸ਼ੁੱਧੀ** (15: 16-18)

**[16]ਅਤੇ ਜੇ ਕਿਸੇ ਮਨੁੱਖ ਦੀ ਬਿੰਦ ਨਿੱਕਲੇ ਤਾਂ ਉਹ ਆਪਣਾ ਸਾਰਾ ਸਰੀਰ ਪਾਣੀ ਨਾਲ ਧੋਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ [17]ਅਤੇ ਸੱਭੇ ਲੀੜੇ ਅਤੇ ਸੱਭੇ ਚੰਮ ਜਿਨ੍ਹਾਂ ਦੇ ਉੱਤੇ ਬਿੰਦ ਪਵੇ ਸੋ ਪਾਣੀ ਨਾਲ**

**ਧੋਤੇ ਜਾਣ ਅਤੇ ਸੰਧਿਆ ਤੋੜੀ ਅਸ਼ੁੱਧ ਰਹਿਣ [18]ਉਹ ਤੀਵੀਂ ਭੀ ਜਿਸ ਦੇ ਨਾਲ ਕੋਈ ਮਨੁੱਖ ਸੰਗ ਕਰੇ ਅਤੇ ਉਸ ਤੋਂ ਰਕਤ ਨਿੱਕਲੇ ਤਾਂ ਉਹ ਦੋਵੇਂ ਪਾਣੀ ਵਿੱਚ ਨਹਾਉਣ ਅਤੇ ਸੰਧਿਆ ਤੋੜੀ ਅਸ਼ੁੱਧ ਰਹਿਣ।**

ਦੂਜੀ ਤਰ੍ਹਾਂ ਦੀ ਅਸ਼ੁੱਧਤਾ ਆਦਮੀ ਦੇ ਸਰੀਰ ਵਿੱਚੋਂ ਮਾਮੂਲੀ ਧਾਤ ਕਰਕੇ ਹੋਈ ਹੁੰਦੀ ਸੀ।

**ਆਇਤਾਂ 16, 17.** ਆਦਮੀ ਦੇ **ਬਿੰਦ ਨਿਕਲਣ** ਸਬੰਧੀ ਪਹਿਲੀ ਤਰ੍ਹਾਂ ਦੀ ਅਸ਼ੁੱਧਤਾ ਬਿਨਾਂ ਸਰੀਰਕ ਸਬੰਧ ਬਣਾਏ ਛੁੱਟ ਜਾਣ ਜਾਂ ਸ਼ਾਇਦ ਸੁੱਤੇ ਪਏ ਰਾਤ ਨੂੰ ਕੱਪੜੇ ਗਿੱਲੇ ਹੋਣ ਦੀ ਸੀ। ਅਜਿਹਾ ਹੋਣਾ ਉਹਨੂੰ ਅਸ਼ੁੱਧ ਕਰਦਾ ਸੀ। ਉਹਦੇ ਲਈ ਅਸ਼ੁੱਧਤਾ ਦਾ ਇਲਾਜ ਇਹ ਸੀ ਕਿ **ਉਹ ਆਪਣਾ ਸਾਰਾ ਸਰੀਰ ਪਾਣੀ ਵਿਚ ਧੋਵੇ;** ਅਤੇ **ਸੰਧਿਆ ਤੋੜੀ ਅਸ਼ੁੱਧ** ਰਹੇ। ਉਸ ਛੁੱਟ ਜਾਣ ਨਾਲ ਲੱਗਣ ਵਾਲੇ **ਸਭੇ ਲੀੜੇ ਧੋਤੇ ਜਾਣੇ** ਜ਼ਰੂਰੀ ਸਨ ਅਤੇ ਉਹ ਵੀ **ਸੰਧਿਆ ਤੋੜੀ ਅਸ਼ੁੱਧ ਰਹਿਣੇ** ਜ਼ਰੂਰੀ ਸਨ।

**ਆਇਤ 18.** ਦੂਜੀ ਤਰ੍ਹਾਂ ਦੀ ਅਸ਼ੁੱਧਤਾ ਦਾ ਸਬੰਧ ਔਰਤ ਦੇ ਸਬੰਧ ਵਿਚ ਆਦਮੀ ਦੇ **ਰਕਤ ਨਿਕਲਣ** ਨਾਲ ਹੈ। ਜੇ **ਕੋਈ ਮਨੁੱਖ** ਅਤੇ **ਤੀਵੀਂ** ਸਰੀਰਕ ਸਬੰਧ ਬਨਾਉਣ ਤਾਂ ਦੋਵੇਂ ਅਸ਼ੁੱਧ ਹੁੰਦੇ ਸਨ ਅਤੇ ਦੋਹਾਂ ਨੂੰ **ਪਾਣੀ ਵਿਚ ਨਹਾਉਣਾ** ਜ਼ਰੂਰੀ ਹੁੰਦਾ ਸੀ; ਉਨ੍ਹਾਂ ਨੂੰ **ਸੰਧਿਆ ਤੋੜੀ ਅਸ਼ੁੱਧ ਰਹਿਣਾ** ਹੁੰਦਾ ਸੀ। ਇਸ ਤੋਂ ਬਾਅਦ ਇਹ ਮੰਨ ਲਿਆ ਜਾਂਦਾ ਸੀ ਕਿ ਦੋਵੇਂ ਫੇਰ ਤੋਂ ਸ਼ੁੱਧ ਹੋ ਗਏ ਹੋਣਗੇ। ਵਾਰੇਨ ਡਬਲਯੂ. ਵਿਅਰਸਬੇ ਨੇ ਕਿਹਾ ਹੈ:

> ਇੱਥੇ ਮੂਸਾ *ਰਸਮੀ* ਅਸ਼ੁੱਧਤਾ ਦੀ ਗੱਲ ਕਰ ਰਿਹਾ ਹੈ ਨਾ ਕਿ ਨੈਤਿਕ ਅਸ਼ੁੱਧਤਾ ਦੀ। ਸੰਭੋਗ ਨਾਲ ਸਰੀਰ ਵਿੱਚੋਂ ਤਰਲ ਨਿੱਕਲਦਾ ਹੈ ਅਤੇ ਸਰੀਰ ਵਿੱਚੋਂ ਤਰਲ ਨਿੱਕਲਣਾ ਵਿਅਕਤੀ ਨੂੰ ਅਸ਼ੁੱਧ ਕਰ ਦਿੱਤਾ ਹੈ, ਇਸ ਕਰਕੇ ਪਤੀ ਅਤੇ ਪਤਨੀ ਦੋਹਾਂ ਨੂੰ ਆਪਣੇ ਆਪ ਨੂੰ ਧੋਣ ਲਈ ਅਤੇ ਰਸਮੀ ਸ਼ੁੱਧਤਾ ਨੂੰ ਬਰਕਰਾਰ ਰੱਖਣਾ ਜ਼ਰੂਰੀ ਸੀ।[6]

## **ਔਰਤ ਦੀ ਅਸ਼ੁੱਧੀ** (15:19-30)

### ਮਾਮੂਲੀ ਪ੍ਰਮੇਹ ਨਾਲ ਔਰਤ ਦੀ ਅਸ਼ੁੱਧੀ (15: 19-24)

**[19]ਜੇ ਕਿਸੇ ਤੀਵੀਂ ਨੂੰ ਪ੍ਰਮੇਹ ਹੋਵੇ ਅਤੇ ਉਸ ਦੇ ਸਰੀਰ ਦਾ ਪ੍ਰਮੇਹ ਲਹੂ ਹੋਵੇ ਤਾਂ ਉਹ ਸੱਤ ਦਿਨ ਤੋੜੀ ਵੱਖਰੀ ਕੀਤੀ ਜਾਵੇ ਅਤੇ ਜਿਹੜਾ ਉਸ ਨੂੰ ਛੋਹੇ ਸੋ ਸੰਧਿਆ ਤੋੜੀ ਅਸ਼ੁੱਧ ਰਹੇ [20]ਅਤੇ ਜਿਹੜੀ ਵਸਤ ਉੱਤੇ ਉਹ ਆਪਣੇ ਵੱਖਰੇ ਹੋਣ ਦੇ ਦਿਨਾਂ ਵਿੱਚ ਲੰਮੀ ਪਵੇ, ਸੋ ਅਸ਼ੁੱਧ ਹੋਵੇ ਅਤੇ ਜਿਹੜੀ ਵਸਤ ਉੱਤੇ ਉਹ ਬਹਿੰਦੀ ਹੈ ਸੋ ਅਸ਼ੁੱਧ ਹੋਵੇ [21]ਅਤੇ ਜਿਹੜਾ ਉਸ ਦੀ ਸੇਜ ਨੂੰ ਛੋਹੇ ਸੋ ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ [22]ਅਤੇ ਜਿਸ ਦੇ ਉੱਤੇ ਉਹ ਬੈਠਦੀ ਸੀ ਜੋ ਕੋਈ ਉਸ ਵਸਤ ਨੂੰ ਛੋਹੇ ਸੋ ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ [23]ਅਤੇ ਭਾਵੇਂ ਉਸ ਦੀ ਸੇਜ ਹੋਵੇ ਯਾ ਕੋਈ ਵਸਤ ਜਿਸ ਦੇ ਉੱਤੇ ਉਹ ਬਹਿੰਦੀ ਹੈ ਜਿਸ ਵੇਲੇ ਉਹ ਉਸ ਨੂੰ ਛੋਹੇ ਤਾਂ ਉਹ ਸੰਧਿਆ ਤੋੜੀ ਅਸ਼ੁੱਧ ਰਹੇ [24]ਅਤੇ ਜੇ ਕੋਈ ਮਨੁੱਖ ਉਸ ਦੇ ਨਾਲ ਸੰਗ ਕਰੇ ਅਤੇ ਉਸ ਨੂੰ ਉਸ ਦੀ ਰਿਤੂ ਲੱਗੇ ਤਾਂ ਉਹ ਸੱਤ ਦਿਨ ਤੋੜੀ ਅਸ਼ੁੱਧ ਰਹੇ ਅਤੇ ਹਰ ਸੇਜ ਦੇ ਉੱਤੇ ਉਹ ਲੰਮਾ ਪੈਂਦਾ ਹੈ ਸੋ ਅਸ਼ੁੱਧ ਰਹੇ।**

ਪਹਿਲਾਂ 15: 18 ਵਿਚ ਆਦਮੀ ਨਾਲ ਸੰਗ ਵਿਚ ਔਰਤਾਂ ਦੇ ਸਰੀਰ ਵਿੱਚੋਂ ਰਿਸਾਵ ਸਬੰਧੀ ਨਿਯਮ ਵਿਚ ਦਿੱਤਾ ਗਿਆ। 15: 19 ਤੋਂ ਧਿਆਨ ਉਨ੍ਹਾਂ ਦੇ ਆਪਣੇ ਰਿਸਾਵ ਵੱਲ ਮੁੜ ਗਿਆ, ਪਹਿਲਾਂ ਮਾਸਿਕ ਧਰਮ ਦੇ ਮਾਮੂਲੀ ਰਿਸਾਵ ਵੱਲ ਅਤੇ ਫਿਰ ਕੁਝ ਦੇਰ ਤਕ ਵਗਦੇ ਰਹਿਣ ਵਾਲੇ ਲਹੂ ਦੇ ਗੈਰ ਮਾਮੂਲੀ ਰਿਸਾਵ ਤਕ।

**ਆਇਤ 19-23.** ਇਸ ਹਵਾਲੇ ਦਾ ਕੇਂਦਰ ਔਰਤ ਦੀ ਮਾਹਵਾਰੀ ਦੌਰਾਨ ਵਗੇ **ਲਹੂ** ਨੂੰ ਰੱਖਿਆ ਗਿਆ ਹੈ। ਮਾਮੂਲੀ ਰਿਸਾਵ ਦੇ ਸ਼ੁਰੂ ਹੁੰਦੇ ਸਾਰ ਔਰਤ **ਦੇ ਸਰੀਰ ਦਾ ਪ੍ਰਮੇਹ** ਰਹਿਣ ਤਕ **ਸੱਤ ਦਿਨ** ਤਕ ਉਹਨੂੰ ਅਸ਼ੁੱਧ ਮੰਨਿਆ ਜਾਂਦਾ ਸੀ।

ਉਸ ਦੀ ਅਸ਼ੁੱਧਤਾ ਦੇ ਨਤੀਜੇ ਸਰੀਰ ਵਿੱਚੋਂ ਰਿਸਾਵ ਹੁੰਦੇ ਰਹਿਣ ਵਾਲੇ ਆਦਮੀ ਵਾਲੇ ਹੀ ਸਨ: ਉਹ ਜਿਸ ਵੀ ਚੀਜ਼ ਨੂੰ ਛੂਹ ਲਏ ਜਾਂ ਜੋ ਵੀ ਚੀਜ਼ ਉਹਨੂੰ ਛੂਹ ਜਾਂਦੀ ਉਹ ਉਸ ਦੀ ਅਸ਼ੁੱਧਤਾ ਨਾਲ ਦੂਸ਼ਿਤ ਹੋ ਜਾਂਦੀ। ਜਿਹੜਾ ਵੀ **ਉਸ** ਨੂੰ, **ਉਸ ਦੀ ਸੇਜ**, ਜਾਂ ਉਸ **ਵਸਤਰ ਨੂੰ** ਛੂਹ ਲੈਂਦਾ ਜਿਸ ਉੱਤੇ ਉਹ ਬੈਠੀ ਹੋਵੇ ਉਹ **ਅਸ਼ੁੱਧ** ਮੰਨਿਆ ਜਾਂਦਾ ਸੀ। ਉਸ ਵਿਅਕਤੀ ਲਈ ਫੇਰ ਤੋਂ ਸ਼ੁੱਧ ਹੋਣ ਲਈ ਲਾਜ਼ਮੀ ਹੁੰਦਾ ਸੀ ਕਿ ਉਹ **ਆਪਣੇ ਲੀੜੇ ਧੋਵੇ**, **ਪਾਣੀ** ਵਿਚ **ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ**।

**ਆਇਤ 24.** ਇਸ ਦੌਰਾਨ ਔਰਤ ਦੇ ਨਾਲ ਲੇਟਣਾ (ਉਸ ਨਾਲ ਸਰੀਰਕ ਸਬੰਧ ਬਣਾਉਣਾ) ਔਰਤ ਦੇ ਨਾਲ–ਨਾਲ ਉਸ ਆਦਮੀ ਨੂੰ ਵੀ ਸੱਤ ਦਿਨ ਤੋੜੀ ਅਸ਼ੁੱਧ ਕਰ ਦਿੰਦਾ ਸੀ। ਅਜਿਹਾ ਹੋਣ ਤੇ ਉਹ ਜਿਸ ਵੀ ਚੀਜ਼ ਤੇ ਬੈਠਦਾ ਜਾਂ ਲੇਟਦਾ, ਉਹ ਵੀ **ਅਸ਼ੁੱਧ** ਹੋ ਜਾਂਦੀ ਸੀ।

ਅੱਜ ਦੇ ਬਾਈਬਲ ਦੇ ਵਿਦਿਆਰਥੀਆਂ ਲਈ ਇਹ ਨਿਯਮ ਅਜੀਬ ਲਗ ਸਕਦੇ ਹਨ। ਗੋਰਡਨ ਜੇ. ਵੈਨਹਮ ਨੇ ਇਸ ਸਮਝ ਦੀ ਚੁਣੌਤੀ ਅਤੇ ਇਸ ਦੇ ਹੱਲ ਦੀ ਚਰਚਾ ਕੀਤੀ:

> ਆਧੁਨਿਕ ਸੋਚ ਲਈ ਪਹਿਲੀ ਨਜ਼ਰੇ ਮਾਹਵਾਰੀ ਸਬੰਧੀ ਨਿਯਮ ਬੜੇ ਸਖ਼ਤ ਲਗ ਸਕਦੇ ਹਨ। ਵੇਖਣ ਨੂੰ ਲਗਦਾ ਹੈ ਕਿ ਇਸਰਾਏਲ ਦੀ ਹਰ ਬਾਲਗ ਔਰਤ ਮਹੀਨੇ ਵਿਚ ਇਕ ਹਫ਼ਤੇ ਤਕ ਅਛੂਤ ਹੀ ਰਹਿੰਦੀ ਸੀ। ਪਰ … ਅੱਲ੍ਹੜਪੁਣੇ ਅਤੇ ਮਾਹਵਾਰੀ ਦੌਰਾਨ ਇਕ ਮਹੀਨੇ ਦੀ ਮਾਹਵਾਰੀ ਦੇ ਸਮੇਂ ਦੀ ਤਕਲੀਫ਼ ਲਈ ਔਰਤਾਂ ਲਈ ਹਾਲ ਹੀ ਦੀ ਘਟਨਾ ਲਗਦੀ ਹੈ। ਇਹ ਇਸ ਕਰਕੇ ਨਹੀਂ ਹੈ ਕਿ ਜਨਾਨਾ ਸੋਚ ਬਦਲ ਗਈ ਹੈ, ਬਲਕਿ ਆਧੁਨਿਕ ਪੱਛਮੀ ਸਮਾਜ ਦੀਆਂ ਵੱਖੋ–ਵੱਖਰੀਆਂ ਸਮਾਜਿਕ ਆਦਤਾਂ ਕਰਕੇ ਹੋਇਆ ਹੈ। ਪ੍ਰਾਚੀਨ ਇਸਰਾਏਲ ਵਿਚ, ਘੱਟੋ–ਘੱਟ ਵਿਆਹੀਆਂ ਹੋਈਆਂ ਔਰਤਾਂ ਵਿਚ, ਮਾਹਵਾਰੀ ਨੂੰ ਬਹੁਤ ਘੱਟ ਬਣਾਉਣ ਲਈ ਤਿੰਨ ਚੀਜ਼ਾਂ ਕੰਮ ਕਰਦੀਆਂ ਸਨ। ਇਹ ਗੱਲਾਂ ਛੋਟੀ ਉਮਰੇ ਵਿਆਹ ਅਤੇ ਦੇਰ ਨਾਲ ਦੁੱਧ ਛੁਡਾਉਣਾ … ਅਤੇ ਵੱਡੇ ਪਰਿਵਾਰਾਂ ਦੀ ਚਾਹਤ ਹਨ। … ਲੇਵੀਆਂ 15:19–24 ਦੇ ਨਿਯਮ ਤੋਂ ਬਹੁਤੀਆਂ ਪ੍ਰਭਾਵਿਤ ਹੋਣ ਵਾਲੀਆਂ ਔਰਤਾਂ ਸਿਰਫ਼ ਅਣਵਿਆਹੀਆਂ ਮੁਟਿਆਰਾਂ ਹੀ ਲਗਦੀਆਂ ਹਨ।[7]

## ''ਕਈ ਦਿਨਾਂ'' ਤਕ ਚੱਲਣ ਵਾਲੇ ਪ੍ਰਮੇਹ ਨਾਲ ਔਰਤ ਦੀ ਅਸ਼ੁੱਧੀ (15:25-30)

**25ਅਤੇ ਜੇ ਕਦੇ ਕਿਸੇ ਤੀਵੀਂ ਨੂੰ ਉਸ ਦੇ ਵੱਖਰੇ ਹੋਣ ਦੇ ਦਿਨਾਂ ਤੋਂ ਵੱਧ, ਲਹੂ ਦਾ ਪ੍ਰਮੇਹ ਕਈ ਦਿਨ ਤੋੜੀ ਵਗੇ, ਯਾ ਜੇ ਉਹ ਉਸ ਤੋਂ ਵੱਖਰੀ ਹੋਣ ਦੇ ਵੇਲੇ ਸਿਰ ਤੋਂ ਵਧ ਜਾਏ ਤਾਂ ਉਸ ਦੀ ਅਸ਼ੁੱਧਤਾਈ ਦੇ ਪ੍ਰਮੇਹ ਦੇ ਦਿਨ ਅਜੇਹੇ ਹੋਣ ਜੇਹੇ ਉਸ ਦੇ ਵੱਖਰੇ ਹੋਣ ਦੇ ਦਿਨ ਸਨ, ਉਹ ਅਸ਼ੁੱਧ ਰਹੇ 26ਸੱਭੇ ਸੇਜਾਂ ਜਿਨ੍ਹਾਂ ਦੇ ਉੱਤੇ ਆਪਣੇ ਪ੍ਰਮੇਹ ਦੇ ਸਾਰੇ ਦਿਨਾਂ ਵਿੱਚ ਲੰਮੀ ਪਵੇ ਸੋ ਉਸ ਦੇ ਵੱਖਰੇ ਹੋਣ ਦੀ ਸੇਜ ਦੇ ਸਮਾਨ ਹੋਣ ਅਤੇ ਉਸ ਦੀ ਵੱਖਰੀ ਹੋਣ ਦੀ ਅਸ਼ੁੱਧਤਾਈ ਵਰਗੀ ਜਿਹੜੀ ਵਸਤ ਉੱਤੇ ਉਹ ਬਹਿੰਦੀ ਹੈ, ਅਸ਼ੁੱਧ ਹੋਵੇ 27ਅਤੇ ਜਿਹੜਾ ਉਨ੍ਹਾਂ ਵਸਤਾਂ ਨੂੰ ਛੋਹੇ ਸੋ ਅਸ਼ੁੱਧ ਬਣੇ ਅਤੇ ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ 28ਪਰ ਜੇ ਉਹ ਆਪਣੇ ਪ੍ਰਮੇਹ ਤੋਂ ਸ਼ੁੱਧ ਹੋਈ ਹੋਵੇ ਤਾਂ ਉਹ ਸੱਤ ਦਿਨ ਗਿਣੇ ਅਤੇ ਉਸ ਦੇ ਪਿੱਛੋਂ ਸ਼ੁੱਧ ਹੋ ਜਾਵੇਗੀ 29ਅਤੇ ਅਠਵੇਂ ਦਿਨ ਉਹ ਦੋ ਘੁੱਗੀਆਂ ਯਾ ਕਬੂਤਰਾਂ ਦੇ ਦੋ ਬੱਚੇ ਲੈ ਕੇ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਜਾਜਕ ਦੇ ਕੋਲ ਲਿਆਵੇ 30ਅਤੇ ਜਾਜਕ ਇੱਕ ਤਾਂ ਪਾਪ ਦੀ ਭੇਟ ਕਰਕੇ ਅਤੇ ਦੂਜੇ ਨੂੰ ਹੋਮ ਦੀ ਭੇਟ ਕਰਕੇ ਚੜ੍ਹਾਵੇ ਅਤੇ ਜਾਜਕ ਉਸ ਦੇ ਲਈ ਉਸ ਦਾ ਅਸ਼ੁੱਧਤਾਈ ਦੇ ਪ੍ਰਮੇਹ ਕਰਕੇ ਯਹੋਵਾਹ ਦੇ ਅੱਗੇ ਪ੍ਰਾਸਚਿਤ ਕਰੇ।**

**ਆਇਤ 25.** 15:25 ਵਿਚ ਸ਼ੁਰੂ ਹੋਣ ਵਾਲੇ ਇਸ ਨਿਯਮ ਦੀ ਮੁੱਖ ਗੱਲ ਇਹ ਹੈ ਕਿ ਲਹੂ ਦੇ ਮਾਮੂਲੀ ਵਹਾਅ ਦੇ ਇਲਾਵਾ ਕਿਸੇ ਔਰਤ ਦੇ **ਲਹੂ ਦਾ ਕਿਸੇ ਤਰ੍ਹਾਂ ਦਾ ਪ੍ਰਮੇਹ** ਉਹਨੂੰ ਰਸਮੀ ਤੌਰ ਤੇ **ਅਸ਼ੁੱਧ** ਬਣਾ ਦਿੰਦਾ ਸੀ। ਅਜਿਹੀ ਹਾਲਤ ਦਾ ਕਾਰਣ ਕਈ ਤਰ੍ਹਾਂ ਦੀਆਂ ਸਰੀਰਕ ਪਰੇਸ਼ਾਨੀਆਂ ਹੋ ਸਕਦੀਆਂ ਸਨ; ਉਹ ਸਾਰੀਆਂ ਉਹਨੂੰ ਰਸਮੀ ਤੌਰ ਤੇ **ਅਸ਼ੁੱਧ** ਬਣਾ ਦਿੰਦੀਆਂ ਸਨ। ਇਕ ਉਦਾਹਰਣ ਦੇ ਤੌਰ ਤੇ, ਮਰਕੁਸ 5:25–34 ਵਿਚ ਉਸ ਔਰਤ ਤੇ ਵਿਚਾਰ ਕੀਤਾ ਜਾ ਸਕਦਾ ਹੈ ਜਿਸ ਨੂੰ ਯਿਸੂ ਨੇ ਚੰਗਿਆਂ ਕੀਤਾ। ਉਹਨੂੰ ਬਾਰਾਂ ਸਾਲਾਂ ਤੋਂ ''ਰਤਵਾਹ'' ਜਾਂ ''ਲਹੂ ਵਹਿਣ ਦੀ ਬੀਮਾਰੀ'' (KJV) ਸੀ।

**ਆਇਤਾਂ 26, 27.** ਕਈ ਦਿਨਾਂ ਤਕ ਔਰਤ ਦੇ ਲਹੂ ਦੇ ਰਿਸਾਵ ਦੇ ਨਤੀਜੇ ਉਹੀ ਸਨ ਜੋ ਉਸ ਦੇ ਮਾਮੂਲੀ ਰਿਸਾਵ ਦੇ ਨਤੀਜੇ ਸਨ। ਉਸ ਦੇ **ਅਸ਼ੁੱਧ** ਰਹਿਣ ਦੌਰਾਨ ਜਿਹੜੀ ਵੀ ਚੀਜ਼ ਉਹਨੂੰ ਲਗਦੀ, ਜਾਂ ਜਿਸ ਵੀ ਚੀਜ਼ ਨੂੰ ਉਹ ਛੂਹ ਲੈਂਦੀ, ਉਸਦੀ **ਅਸ਼ੁੱਧਤਾਈ** ਨਾਲ ਉਹ ਦੂਸ਼ਿਤ ਹੋ ਜਾਂਦੀ।

ਲਹੂ ਦੇ ਲਗਾਤਾਰ ਵਹਿਣ ਵਾਲੀ ਔਰਤ ਤੋਂ ਹੋਣ ਵਾਲੀ ਅਸ਼ੁੱਧਤਾ ਦੀ ਮੁਸ਼ਕਿਲ ਦਾ ਹੱਲ ਉਹੀ ਸੀ ਜੋ ਸਰੀਰ ਵਿੱਚੋਂ ਰਿਸਾਵ ਹੁੰਦੇ ਰਹਿਣ ਵਾਲੇ ਆਦਮੀ ਨਾਲ ਦੂਸ਼ਿਤ ਹੋਏ ਵਿਅਕਤੀ ਲਈ ਸੀ ਭਾਵ ਔਰਤ ਦੇ ਰਿਸਾਵ ਨਾਲ ਅਸ਼ੁੱਧ ਹੋਏ ਵਿਅਕਤੀ ਲਈ ਜ਼ਰੂਰੀ ਸੀ ਕਿ ਉਹ **ਆਪਣੇ ਲੀੜੇ ਧੋਵੇ ਅਤੇ ਪਾਣੀ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ**।

**ਆਇਤਾਂ 28-30.** ਔਰਤ ਲਈ ਸ਼ੁੱਧ ਹੋਣ ਵਾਸਤੇ ਉਸ ਪ੍ਰਕਿਰਿਆ ਵਿੱਚੋਂ ਦੀ ਲੰਘਣਾ ਜ਼ਰੂਰੀ ਸੀ ਜਿਸ ਵਿੱਚੋਂ ਦੀ ਗੈਰ ਮਾਮੂਲੀ ਸਰੀਰਕ ਰਿਸਾਵ ਵਾਲੇ ਆਦਮੀ ਨੂੰ (15:13–15)। ਉਹਦੇ ਲਈ ਉਹੀ ਤਿੰਨ ਕਦਮਾਂ ਵਾਲਾ ਤਰੀਕਾ ਅਪਨਾਉਣਾ ਜ਼ਰੂਰੀ ਸੀ: (1) ਉਹ ਲਹੂ ਦੇ ਗੈਰ ਮਾਮੂਲੀ **ਪ੍ਰਮੇਹ** ਤੋਂ ਠੀਕ ਹੋਈ ਸੀ (15:28)। (2) ਇਸ ਤੋਂ ਬਾਅਦ ਉਹਦੇ ਲਈ ਜ਼ਰੂਰੀ ਸੀ ਕਿ **ਸੱਤ ਦਿਨ ਗਿਣੇ**, ਜੋ ਸ਼ਾਇਦ ਇਹ ਯਕੀਨੀ ਬਨਾਉਣ ਲਈ ਸੀ ਕਿ ਰੋਗ ਵਾਪਸ ਨਾ ਆ ਜਾਏ। ਇਸ ਤੋਂ ਬਾਅਦ ਉਹਨੂੰ **ਸ਼ੁੱਧ** ਮੰਨਿਆ ਜਾਂਦਾ ਸੀ (15:28)। (3) ਫਿਰ ਉਹਨੇ ਬਿਲਕੁਲ ਉਹੀ ਕੁਰਬਾਨੀਆਂ ਦੇਣੀਆਂ ਹੁੰਦੀਆਂ ਸਨ ਜਿਹੜੀਆਂ ਸਰੀਰ ਦੇ ਗੈਰ ਮਾਮੂਲੀ ਰਿਸਾਵ ਦੇ ਬੰਦ ਹੋਣ ਵਾਲੇ ਆਦਮੀ ਲਈ ਦੇਣੀਆਂ ਜ਼ਰੂਰੀ ਸਨ, **ਦੋ ਪੰਛੀ, ਇਕ ਨੂੰ ਪਾਪ ਦੀ ਭੇਟ ਕਰਕੇ ਅਤੇ ਦੂਜੇ ਨੂੰ ਹੋਮ ਦੀ ਭੇਟ ਕਰਕੇ** (15:29, 30)। ਇਨ੍ਹਾਂ ਭੇਟਾਂ ਨਾਲ ਉਹ ਰਸਮੀ ਸ਼ੁੱਧਤਾ ਤਕ ਅੱਪੜ ਜਾਂਦੀ ਅਤੇ ਪਰਮੇਸ਼ੁਰ ਨੂੰ ਧੰਨਵਾਦ ਅਤੇ ਨਵੇਂ ਸਿਰਿਓਂ ਸਮਰਪਣ ਵਿਖਾਉਂਦੀ ਜ਼ਾਹਿਰ ਕਰਦੀ।

## ਇਕ ਸਮੀਖਿਆ (15:31-33)

**[31]ਏਸੇ ਤਰਾਂ ਤੁਸਾਂ ਇਸਰਾਏਲੀਆਂ ਨੂੰ ਆਪਣੀ ਅਸ਼ੁੱਧਤਾਈ ਤੋਂ ਵੱਖਰਾ ਕਰਨਾ ਜੋ ਉਹ ਆਪਣੀ ਅਸ਼ੁੱਧਤਾਈ ਵਿੱਚ ਜੋ ਉਨ੍ਹਾਂ ਦੇ ਵਿਚਕਾਰ ਹੈ ਮੇਰੇ ਡੇਹਰੇ ਦੇ ਭ੍ਰਿਸ਼ਟ ਕਰਨ ਵਿੱਚ ਨਾ ਮਰਨ [32]ਜਿਸ ਨੂੰ ਪ੍ਰਮੇਹ ਅਤੇ ਜਿਸ ਦੀ ਬਿੰਦ ਦੇ ਨਿਕਲਣ ਨਾਲ ਅਸ਼ੁੱਧ ਹੋਵੇ, ਉਸ ਦੀ ਇਹ ਬਿਵਸਥਾ ਹੈ [33]ਅਤੇ ਉਸ ਦੀ ਜਿਸ ਨੂੰ ਰਿਤੂ ਅਉਸਰ ਆਈ ਹੋਵੇ ਅਤੇ ਉਸ ਦੀ ਜਿਸ ਨੂੰ ਪ੍ਰਮੇਹ ਹੋਵੇ, ਭਾਵੇਂ ਮਨੁੱਖ ਭਾਵੇਂ ਤੀਵੀਂ ਅਤੇ ਉਸ ਦੀ ਜੋ ਅਸ਼ੁੱਧ ਤੀਵੀਂ ਨਾਲ ਸੰਗ ਕਰੇ।**

ਲੇਵੀਆਂ ਦੀ ਪੋਥੀ ਦੇ ਇਸ ਭਾਗ ਦੇ ਹੋਰਨਾਂ ਹਿੱਸਿਆਂ ਵਾਂਗ ਇਹ ਪੈਰ੍ਹਾ ਇਸ ਸਮੀਖਿਆ ਨਾਲ ਖ਼ਤਮ ਹੁੰਦਾ ਹੈ।

**ਆਇਤਾਂ 31-33.** ਅਧਿਆਇ ਦੀਆਂ ਆਖ਼ਰੀ ਆਇਤਾਂ (15:32, 33) ਓਸੇ ਉੱਤੇ ਜ਼ੋਰ ਦਿੰਦੀਆਂ ਹਨ ਜਿਸ ਬਾਰੇ ਉੱਪਰ ਦਿੱਤੇ ਨਿਯਮ ਦੱਸਦੇ ਹਨ ਕਿ **ਜਿਸ ਨੂੰ ਪ੍ਰਮੇਹ** ਹੋਵੇ, ਆਦਮੀ ਹੋਵੇ ਜਾਂ ਔਰਤ ਦੇ ਉਸੇ ਲਈ ਸਨ। ਸਮੀਖਿਆ ਵਿਚ ਅਧਿਆਇ ਵਿਚ ਚਾਰ ਸਥਿਤੀਆਂ ਨੂੰ ਸਪੱਸ਼ਟ ਕੀਤਾ ਗਿਆ ਹੈ ਜਿਨ੍ਹਾਂ ਦੀ ਚਰਚਾ ਹੋਈ ਹੈ: **ਆਦਮੀ ਜਿਸ ਦੀ ਬਿੰਦ ਨਿੱਕਲੀ** ਹੋਵੇ; **ਔਰਤ ਜਿਸ ਨੂੰ ਰਿਤੂ**

**ਅਉਸਰ ਆਈ ਹੋਵੇ** ਆਦਮੀ ਹੋਵੇ ਅਤੇ ਜਾਂ ਔਰਤ ਜਿਸ ਨੂੰ ਗੈਰ ਮਾਮੂਲੀ **ਪ੍ਰਮੇਹ** ਹੋਵੇ; ਅਤੇ **ਮਨੁੱਖ** ਜਿਸ ਨੇ **ਅਸ਼ੁੱਧ ਤੀਵੀਂ ਨਾਲ ਸੰਗ** ਕੀਤਾ ਹੋਵੇ।

ਪਰ ਆਇਤ 31 ਦੱਸਦੀ ਹੈ ਕਿ ਇਹ ਨਿਯਮ ਕਿਉਂ ਦਿੱਤੇ ਗਏਃ **ਡੇਰੇ** ਦੀ ਪਵਿੱਤਰਤਾਈ ਨੂੰ ਬਣਾਈ ਰੱਖਣ ਲਈ,[8] ਜਿਸ ਨੂੰ ਪਰਮੇਸ਼ੁਰ ਨੇ ਆਪਣਾ ਦੱਸਿਆ ਸੀ। ਸਾਫ਼ ਹੈ ਕਿ ਦਿੱਤੇ ਗਏ ਨਿਯਮਾਂ ਨੂੰ ਜੇ ਮੰਨਿਆ ਜਾਂਦਾ ਤਾਂ ਇਸ ਸਮੇਂ ਸਰੀਰ ਵਿੱਚੋਂ ਹੋਣ ਵਾਲੇ ਰਿਸਾਵ ਦੇ ਕਾਰਣ ਅਸ਼ੁੱਧ ਹੋਏ ਵਿਅਕਤੀ ਨੂੰ ਡੇਰੇ ਦੀ ਪਵਿੱਤਰਤਾ ਨੂੰ ਭੰਗ ਕਰਨ ਤੋਂ ਰੋਕਣਾ ਸੀ। ਜੇ ਉਸ ਦੇ ਜਿਸ ਨੂੰ ''ਪਵਿੱਤਰ'' ਕਿਹਾ ਗਿਆ ਸੀ ਸੰਪਰਕ ਵਿਚ ਕੋਈ ਅਸ਼ੁੱਧ ਚੀਜ਼ ਆ ਜਾਂਦੀ ਤਾਂ ਇਹ ਇਕ ਗੰਭੀਰ ਪਾਪ ਸੀ ਅਤੇ ਇਸ ਦੇ ਦਰਦਨਾਕ ਨਤੀਜੇ ਹੋਣੇ ਸਨ ਜਿਨ੍ਹਾਂ ਵਿਚ ਕਈ ਵਾਰ ਮੌਤ ਵੀ ਹੋ ਸਕਦੀ ਸੀ। ਇਨ੍ਹਾਂ ਸ਼ਬਦਾਂ ਨੂੰ ਪਹਿਲੀ ਵਾਰ ਸੁਣਨ ਵਾਲਿਆਂ ਵੱਲੋਂ ਉਨ੍ਹਾਂ ਦੀ ਵਿਆਖਿਆ ਵਿਆਪਕ ਰੂਪ ਵਿਚ ਕੀਤੀ ਜਾਂਦੀ ਹੋਵੇਗੀ। ਜੇ ਕਿਸੇ ਅਸ਼ੁੱਧ ਵਿਅਕਤੀ ਨੂੰ ਇਸ ਵਚਨ ਵਿਚ ਦਿੱਤੀਆਂ ਹਦਾਇਤਾਂ ਨੂੰ ਮੰਨੇ ਬਗ਼ੈਰ ਡੇਰੇ ਦੀ ਜ਼ਿੰਦਗੀ ਵਿਚ ਸਵੀਕਾਰ ਕਰ ਲਿਆ ਜਾਂਦਾ ਤਾਂ ਸਾਰੇ ਲੋਕ ਅਸ਼ੁੱਧ ਹੋ ਜਾਂਦੇ। ਜਿਸ ਦਾ ਨਤੀਜਾ ਇਹ ਹੋਣਾ ਸੀ ਕਿ ਡੇਰਾ ਪ੍ਰਭਾਵਿਤ ਹੁੰਦਾ। ਜੇ ਡੇਰੇ ਦੇ ਆਲੇ ਦੁਆਲੇ ਅਸ਼ੁੱਧਤਾਈ ਹੁੰਦੀ ਤਾਂ ਪੂਰੀ ਕੌਮ ਦੇ ਬਰਬਾਦ ਹੋਣ ਦਾ ਖ਼ਤਰਾ ਹੋਣਾ ਸੀ।

## ਅਧਿਆਇ 15 ਨਾਲ ਸਬੰਧਿਤ ਦੋ ਵਾਧੂ ਸਵਾਲ

ਇਨ੍ਹਾਂ ਵਿਲੱਖਣ ਨਿਯਮਾਂ ਦੇ ਸਬੰਧ ਵਿਚ ਦੋ ਸਵਾਲ ਰਹਿ ਜਾਂਦੇ ਹਨ। ਕੁਝ ਪਾਠਕਾਂ ਨੂੰ ਇਹ ਹੈਰਾਨੀ ਹੋ ਸਕਦੀ ਹੈ ਕਿ ਆਪਣੇ ਲੋਕਾਂ ਲਈ ਪਰਮੇਸ਼ੁਰ ਦੀ ਸ਼ਰ੍ਹਾ ਵਿਚ ਅਜਿਹੇ ਨਿੱਜੀ ਮਾਮਲਿਆਂ ਦੀ ਗੱਲ ਹੀ ਕਿਉਂ ਕੀਤੀ ਗਈ।

### ਨਿੱਜੀ ਮਾਮਲੇ ਆਮ ਨਿਯਮਾਂ ਨਾਲ ਕਿਵੇਂ ਚੱਲ ਸਕਦੇ ਸਨ?

ਆਮ ਤੌਰ ਤੇ ਕੋਈ ਪੁੱਛ ਸਕਦਾ ਹੈ, ''ਭਲਾ ਇਨ੍ਹਾਂ ਆਮ ਨਿਯਮਾਂ ਦੇ ਮੰਨੇ ਜਾਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ਕਿਉਂ ਜੋ ਇਹ ਤਾਂ ਨਿੱਜੀ ਹਾਲਤਾਂ ਉੱਤੇ ਲਾਗੂ ਹੁੰਦੇ ਸਨ?'' ਖ਼ਾਸ ਤੌਰ ਤੇ ਯਹੋਵਾਹ ਇਸਰਾਏਲੀਆਂ ਤੋਂ ਲੇਵੀਆਂ 15 ਵਿਚ ਮਿਲਣ ਵਾਲੇ ਨਿਯਮਾਂ ਨੂੰ ਮੰਨਣ ਲਈ ਜਾਂ ਮਨਵਾਉਣ ਦੀ ਉਮੀਦ ਕਿਵੇਂ ਕਰ ਸਕਦਾ ਸੀ, ਜਦ ਕਿ ਉਹ ਨਿਯਮ ਲੋਕਾਂ ਦੀਆਂ ਬੇਹੱਦ ਨਿੱਜੀ ਜ਼ਿੰਦਗੀਆਂ ਨਾਲ ਸਬੰਧਿਤ ਸਨ। ਕਿਹੜੇ ਜਾਨਵਰ ਸ਼ੁੱਧ ਹਨ ਅਤੇ ਕਿਹੜੇ ਅਸ਼ੁੱਧ ਇਨ੍ਹਾਂ ਸਵਾਲਾਂ ਦਾ ਸਬੰਧ ਉਨ੍ਹਾਂ ਗੁਣਾਂ ਨਾਲ ਹੋ ਸਕਦਾ ਸੀ ਜਿਨ੍ਹਾਂ ਨੂੰ ਕੋਈ ਵੀ ਵੇਖ ਸਕਦਾ ਹੈ। ਕਿਸੇ ਬੱਚੇ ਦਾ ਜਨਮ ਹੋਣ (ਅਧਿਆਇ 12), ਦੇ ਤੱਥ ਨੂੰ ਗੁਪਤ ਨਹੀਂ ਰੱਖਿਆ ਜਾ ਸਕਦਾ ਸੀ। ਕੋੜ੍ਹ ਦੇ ਮਾਮਲੇ ਵਿਚ (ਅਧਿਆਇ 13 ਅਤੇ 14 ਵਿਚ ਦੱਸੇ ਗਏ) ਕਿਸੇ ਵਿਅਕਤੀ ਕੱਪੜੇ ਜਾਂ ਘਰ ਦੀ ਦਿੱਖ ਨਾਲ ਸਬੰਧਿਤ ਸਨ।

ਇਸ ਦੇ ਉਲਟ, ਕੋਈ ਆਦਮੀ ਜਾਂ ਔਰਤ ਕਿਸੇ ਦੇ ਪਤਾ ਲੱਗੇ ਬਗ਼ੈਰ ਸਰੀਰ ਵਿੱਚੋਂ ਰਿਸਾਵ ਨਾਲ ਅਸ਼ੁੱਧ ਹੋ ਸਕਦਾ ਸੀ; ਅਤੇ ਉਸ ਹਾਲਤ ਵਿਚ ਉਹ ਹੋਰਨਾਂ ਚੀਜ਼ਾਂ ਅਤੇ ਲੋਕਾਂ ਨੂੰ ਅਸ਼ੁੱਧ ਕਰ ਸਕਦਾ ਜਾਂ ਸਕਦੀ ਸੀ। ਕਿਸੇ ਨੂੰ ਕਿਵੇਂ ਪਤਾ ਲੱਗਣਾ ਸੀ ਕਿ ਕੋਈ ਅਧਿਆਇ 15 ਵਿਚ ਦਿੱਤੇ ਕਾਰਣਾਂ ਕਰਕੇ ਅਸ਼ੁੱਧ ਹੈ? ਉਦਾਹਰਣ ਲਈ ਕਿਸੇ ਨੇ ਆਮ ਲੋਕਾਂ ਵਿਚ ਸ਼ਰਮਿੰਦਾ ਹੋਣ ਵਾਲੀ ਕਿਸੇ ਤਕਲੀਫ਼ ਨੂੰ ਕਿਉਂ ਮੰਨਣਾ ਸੀ ਅਤੇ ਅਖ਼ੀਰ ਵਿਚ ਇਸ ਦੇ ਬੰਦ ਹੋਣ ਤੇ ਕੁਰਬਾਨੀ ਕਿਉਂ ਦੇਣੀ ਸੀ? ਇਸ ਦੇ ਕਈ ਜਵਾਬ ਹੋ ਸਕਦੇ ਸਨ।

ਉਜਾੜ ਵਿਚ ਪ੍ਰਾਚੀਨ ਇਸਰਾਏਲੀਆਂ ਦੀ ਜ਼ਿੰਦਗੀ ਅੱਜ ਦੇ ਬਹੁਤ ਸਾਰੇ ਲੋਕਾਂ ਦੀ ਜੀਵਨਸ਼ੈਲੀ ਨਾਲੋਂ ਫ਼ਰਕ ਸੀ। ਉਦਾਹਰਣ ਲਈ ਅਮਰੀਕਾ ਦੇ ਲੋਕ ਨਿੱਜਤਾ ਦੀ ਕਦਰ ਕਰਦੇ ਸਨ। ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਹੋ ਸਕਦੀਆਂ ਸਨ ਜਿਨ੍ਹਾਂ ਦਾ ਕਿਸੇ ਹੋਰ ਨੂੰ ਪਤਾ ਵੀ ਨਾ ਹੋਵੇ।

ਇਸਰਾਏਲੀ ਡੇਰੇ ਦੇ ਅੰਦਰ ਨਿੱਜਤਾ ਦੀ ਨਾ ਤਾਂ ਕਦਰ ਹੋ ਸਕਦੀ ਸੀ ਅਤੇ ਨਾ ਇਹ ਸੰਭਵ ਸੀ। ਜੇ ਕੋਈ ਆਪਣੀਆਂ ਗੁਪਤ ਤਕਲੀਫ਼ਾਂ ਨੂੰ ਨਿੱਜੀ ਰੱਖਣਾ ਚਾਹੁੰਦਾ ਜਾਂ ਚਾਹੁੰਦੀ ਵੀ ਤਾਂ ਅਜਿਹਾ ਕਰਨਾ ਮੁਸ਼ਕਿਲ ਹੁੰਦਾ ਹੋਵੇਗਾ।

ਇਕ ਹੋਰ ਸੰਭਾਵਨਾ ਇਹ ਹੈ ਕਿ ਗੈਰ ਮਾਮੂਲੀ ਰਿਸਾਵ ਨਾਲ ਉਸ ਤੋਂ ਪ੍ਰਭਾਵਿਤ ਹੋਣ ਵਾਲੇ ਲੋਕ ਚੌਕਸ ਹੋ ਜਾਂਦੇ ਹੋਣਗੇ ਜਿਸ ਕਰਕੇ ਉਨ੍ਹਾਂ ਨੂੰ ਯਾਜਕਾਂ ਕੋਲ ਜਾਣਾ ਪੈਂਦਾ ਸੀ ਜਿਹੜੇ ਇਸਰਾਏਲ ਦੇ ਡਾਕਟਰਾਂ ਅਤੇ ਹੈਲਥ ਇੰਸਪੈਕਟਰਾਂ ਦਾ ਕੰਮ ਕਰਦੇ ਸਨ। ਮਦਦ ਜਾਂ ਸਲਾਹ ਲੈਣ ਲਈ ਉਹ ਆਪਣੀ ਹਾਲਤ ਦੂਜਿਆਂ ਨੂੰ ਨਹੀਂ ਬਲਕਿ ਯਾਜਕ ਨੂੰ ਦੱਸਦੇ ਹੋਣਗੇ ਅਤੇ ਯਾਜਕ ਇਨ੍ਹਾਂ ਤਕਲੀਫ਼ ਵਾਲੇ ਲੋਕਾਂ ਨੂੰ ਅਧਿਆਇ 15 ਵਿਚ ਦੱਸੇ ਗਏ ਨਿਯਮਾਂ ਨੂੰ ਮੰਨਣ ਲਈ ਆਖਦਾ।

ਤੀਜੀ ਸੰਭਾਵਨਾ ਬੜੀ ਅਸਾਨੀ ਨਾਲ ਇਹ ਹੈ ਕਿ ਇਸਰਾਏਲੀਆਂ ਨੂੰ ਦੱਸਿਆ ਗਿਆ ਸੀ ਕਿ ਉਨ੍ਹਾਂ ਨੇ ਕੀ ਕਰਨਾ ਸੀ ਤਾਂ ਜੋ ਉਹ ਉਨ੍ਹਾਂ ਸਿੱਖਿਆਵਾਂ ਉੱਤੇ ਧਿਆਨ ਲਾ ਕੇ ਉਨ੍ਹਾਂ ਨੂੰ ਮੰਨ ਸਕਣ। ਆਪਣੇ ਨਿੱਜੀ ਮਾਮਲਿਆਂ ਦੀ ਉਨ੍ਹਾਂ ਨੂੰ ਖ਼ਬਰ ਹੈ ਸੀ ਜਾਂ ਨਹੀਂ ਪਰ ਉਹ ਦੱਸੇ ਗਏ ਸਰੀਰ ਦੇ ਇਨ੍ਹਾਂ ਰਿਸਾਵਾਂ ਤੋਂ ਪ੍ਰਭਾਵਿਤ ਹੋਣ ਤੇ, ਯਹੋਵਾਹ ਦੀਆਂ ਹਦਾਇਤਾਂ ਨੂੰ ਮੰਨਦੇ ਸਨ।

ਇਕ ਅਰਥ ਵਿਚ ਕਿਸੇ ਦੀ ਗੰਦੀ ਹਾਲਤ ਦੇ ਸਬੰਧ ਵਿਚ ਜੋ ਕੋਈ ਚੰਗੀ ਸਾਫ਼ ਸਫ਼ਾਈ ਦੇ ਸਬੰਧ ਵਿਚ ਅੱਜ ਹੁੰਦਾ ਹੈ ਉਹੀ ਉਦੋਂ ਵੀ ਹੁੰਦਾ ਹੋਵੇਗਾ। ਇਕ ਜਣੇ ਲਈ ਕਿਸੇ ਨਾਲ ਹੱਥ ਮਿਲਾਉਣ ਲਈ ਹੱਥ ਅੱਗੇ ਕਰਨਾ ਆਮ ਗੱਲ ਹੈ, ਪਰ ਅਗਲੇ ਵੱਲੋਂ ਹੱਥ ਅੱਗੇ ਨਾ ਵਧਾ ਕੇ ਕੁਝ ਇਸ ਤਰ੍ਹਾਂ ਨਾਲ ਕਹਿ ਦੇਣਾ ''ਮੈਂ ਹੁਣੇ ਹੁਣੇ ਬੀਮਾਰੀ ਤੋਂ ਠੀਕ ਹੋਇਆ ਹਾਂ ਅਤੇ ਮੈਨੂੰ ਡਾਕਟਰ ਨੇ ਕਿਸੇ ਨਾਲ ਹੱਥ ਮਿਲਾਉਣ ਤੋਂ ਮਨ੍ਹਾਂ ਕੀਤਾ ਹੈ।'' ਦੂਜਿਆਂ ਨੂੰ ਕੀਟਾਣੂਆਂ ਤੋਂ ਬਚਾਉਣ ਵਾਲਾ ਵਿਅਕਤੀ ਸੱਚੇ ਦਿਲੋਂ ਮੰਨਦਾ ਹੈ ਕਿ ਉਹਨੂੰ ਚਾਹੀਦਾ ਹੈ ਕਿ ਕੀਟਾਣੂਆਂ ਨੂੰ ਫੈਲਾ ਕੇ ਦੂਜਿਆਂ ਨੂੰ ਬੀਮਾਰ ਨਾ ਕਰੇ। ਇਸੇ ਤਰ੍ਹਾਂ ਨਾਲ ਕਿਸੇ ਇਸਰਾਏਲੀ ਆਦਮੀ ਜਾਂ ਔਰਤ ਦੇ ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਇਹ ਕਹਿਣ ਦੀ ਕਲਪਨਾ ਕੀਤੀ ਜਾ ਸਕਦੀ ਹੈ: ''ਇੱਥੇ ਨਾ ਬੈਠੋ। ਮੈਂ ਹੁਣੇ ਇੱਥੇ ਬੈਠਾ ਸਾਂ ਅਤੇ ਮੈ ਇਸ ਵਕਤ ਅਸ਼ੁੱਧ ਹਾਂ। ਬੇਹਤਰ ਹੈ ਕਿ ਪਰ੍ਹੇ ਹੋ ਕੇ ਬੈਠ ਜਾਓ।'' ਕੋਈ ਅਜਿਹਾ ਕਿਉਂ ਕਰੇਗਾ? ਪਰਮੇਸ਼ੁਰ ਦੀ ਵਿਵਸਥਾ ਦੀ ਸੱਚਿਆਈ ਵਿਚ ਡੂੰਘੇ ਵਿਸ਼ਵਾਸ ਅਤੇ ਪੱਕੇ ਅਤੇ ਕਿਸੇ ਹੋਰ ਨੂੰ ਅਸ਼ੱਧ ਨਾ ਕਰਨ ਦੇ ਇਰਾਦੇ ਕਰਕੇ।

ਯਹੋਵਾਹ ਨੇ ਆਪਣੇ ਸੰਦੇਸ਼ ਸੰਜੀਦਗੀ ਨਾਲ ਲੈਣ ਦਾ ਲੋਕਾਂ ਨੂੰ ਚੰਗਾ ਕਾਰਣ ਦਿੱਤਾ। ਉਹਨੇ ਆਖਿਆ ਕਿ ਲੋਕ ਉਸ ਦੇ ਨਿਯਮਾਂ ਨੂੰ ਮੰਨਣ ਤਾਂ ਜੋ ਉਹ ''ਆਪਣੀ ਅਸ਼ੁੱਧਤਾਈ ਵਿਚ ਨਾ ਮਰਨ'' (15:31)। ਅਜਿਹੀ ਗੱਲ ਨੇ ਹਰ ਇਸਰਾਏਲੀਆਂ ਲਈ ਪਰਮੇਸ਼ੁਰ ਦੇ ਇਨ੍ਹਾਂ ਨਿਯਮਾਂ ਨੂੰ ਸੰਜੀਦਗੀ ਨਾਲ ਲੈਣ ਦੀ ਵੱਡੀ ਪ੍ਰੇਰਣਾ ਦਿੱਤੀ ਹੋਵੇਗੀ, ਚਾਹੇ ਕਿਸੇ ਨੂੰ ਆਪਣੀ ਅਸ਼ੁੱਧਤਾ ਦਾ ਪਹਿਲਾਂ ਤੋਂ ਪਤਾ ਹੁੰਦਾ ਜਾਂ ਨਾ।

### ਪਰਮੇਸ਼ੁਰ ਨੇ ਇਨ੍ਹਾਂ ਰਿਸਾਵਾਂ ਨੂੰ ''ਅਸ਼ੁੱਧ'' ਕਿਉਂ ਦੱਸਿਆ?

ਦੂਜੇ ਸਵਾਲ ''ਪਰਮੇਸ਼ੁਰ ਨੇ ਇਨ੍ਹਾਂ ਰਿਸਾਵਾਂ ਨੂੰ ਅਸ਼ੁੱਧ ਕਿਉਂ ਮੰਨਿਆ?'' ਦਾ ਜਵਾਬ ਕਈ ਤਰ੍ਹਾਂ ਨਾਲ ਦਿੱਤਾ ਜਾ ਸਕਦਾ ਹੈ। ਸਾਨੂੰ ਯਾਦ ਰੱਖਣਾ ਪਵੇਗਾ ਕਿ ਇਨ੍ਹਾਂ ਨਿਯਮਾਂ ਵਿੱਚੋਂ ਕੋਈ ਵੀ ਇਹ ਨਹੀਂ ਦੱਸਦਾ ਸੀ ਕਿ ਪਤੀ ਅਤੇ ਉਸ ਦੀ ਪਤਨੀ ਵਿਚਕਾਰ ਸੰਭੋਗ ਗ਼ਲਤ ਜਾਂ ਪਾਪ ਹੈ।

ਸ਼ੁਰੂ ਵਿਚ, ਮਨੁੱਖ ਦੇ ਪਾਪ ਵਿਚ ਡਿੱਗਣ ਤੋਂ ਪਹਿਲਾਂ, ''ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਨ ਕੀਤਾ ... ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਨ ਕੀਤਾ'' ਅਤੇ ਉਹਨੇ ਉਨ੍ਹਾਂ ਨੂੰ ਆਗਿਆ ਦਿੱਤੀ, ''ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ'' (ਉਤਪਤ 1:27, 28)। ਸੈਕਸ ਅਤੇ ਬੱਚੇ ਦਾ ਜਨਮ ਅਰੰਭ ਤੋਂ ਹੀ ਪਰਮੇਸ਼ੁਰ ਦੀ ਯੋਜਨਾ ਵਿਚ ਹੈ ਸਨ (ਭਾਵੇਂ ਪਾਪ ਦੇ ਕਾਰਣ

ਜਣੇਪੇ ਵਿਚ ਤਕਲੀਫ਼ ਨੂੰ ਜੋੜ ਦਿੱਤਾ ਗਿਆ; ਉਤਪਤ 3:16)।

ਇਲਹਾਮ ਪਾਏ ਹੋਏ ਲੇਖਕਾਂ ਨੇ ਵਿਆਹ ਵਿਚ ਸੈਕਸ ਸਬੰਧਾਂ ਨੂੰ ਆਪਣੀ ਪਰਵਾਨਗੀ ਦਿੱਤੀ (ਵੇਖੋ 1 ਕੁਰਿੰਥੀਆਂ 7)। ਇਬਰਾਨੀਆਂ ਦੇ ਲੇਖਕ ਨੇ ਆਖਿਆ, ''ਵਿਆਹ ਕਰਨਾ ਸਭਨਾਂ ਵਿਚ ਆਦਰ ਦੇ ਯੋਗ ਹੈ ਅਤੇ ਵਿਛਾਉਣਾ ਬੇਦਾਗ ਰਹੇ'' (ਇਬਰਾਨੀਆਂ 13:4; KJV)।

ਲੇਵੀਆਂ 15 ਵਿਚ ਸੈਕਸ ਦੀਆਂ ਗਤੀਵਿਧੀਆਂ ਨੂੰ ''ਅਸ਼ੁੱਧ'' ਕਰਾਰ ਦੇਣ ਦੇ ਕਾਰਣ(ਾਂ) ਦੇ ਨਿਚੋੜ ਤਕ ਪਹੁੰਚਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਚਾਹੀਦਾ ਹੈ ਕਿ ਉਹ ਇਹ ਨਿਚੋੜ ਨਾ ਕੱਢੇ ਕਿ ਪਰਮੇਸ਼ੁਰ ਨੇ ਸੈਕਸ ਨੂੰ ਅਸ਼ੁੱਧ ਕਰਾਰ ਦੇਣਾ ਚਾਹਿਆ। ਬਾਈਬਲ ਕਿਤੇ ਨਹੀਂ ਆਖਦੀ ਕਿ ਪਤੀ ਵੱਲੋਂ ਆਪਣੀ ਪਤਨੀ ਨਾਲ ਕੀਤਾ ਗਿਆ ਸੰਗ ਨੁਕਸਾਨਦੇਹ ਹੈ ਜਾਂ ਪਾਪ ਹੈ।

ਤਾਂ ਫਿਰ ਪਰਮੇਸ਼ੁਰ ਨੇ ਇਹ ਕਹਿਣ ਲਈ ਕਿ ਆਦਮੀ ਜਾਂ ਔਰਤ ਦੇ ''ਸਰੀਰ'' ਵਿੱਚੋਂ ਹੋਏ ''ਰਿਸਾਵ'' ਕਰਕੇ ਉਹ ''ਅਸ਼ੁੱਧ'' ਹੋ ਗਏ, ਨਿਯਮ ਕਿਉਂ ਦਿੱਤੇ? ਰੌਏ ਗੇਨ ਨੇ ਸੁਝਾਅ ਦਿੱਤਾ ਕਿ ਆਦਮੀ ਦੇ ਮੌਤ ਨਾਲ ਸਬੰਧ ਹੋਣ ਕਰਕੇ ਜੋ ਕਿ ਉਸ ਦੇ ਪਾਪ ਵਿਚ ਡਿੱਗਣ ਦੇ ਕਾਰਣ ਹੋਈ ਰਿਸਾਵਾਂ ਨਾਲ ਅਸ਼ੁੱਧਤਾ ਹੋਈ (ਉਤਪਤ 3)। ਲੇਵੀਆਂ 15:16–24 ਵਿਚ ਦੱਸੇ ਗਏ ਰਿਸਾਵ ਪੈਦਾਇਸ਼ ਦੀ ਪ੍ਰਕਿਰਿਆ ਨਾਲ ਸਬੰਧਿਤ ਹਨ। ਨਵੇਂ ਜੀਵਨ ਦੀ ਪੈਦਾਇਸ਼ ਲਈ ਮਰਦ ਅਤੇ ਤੀਵੀਂ ਦੇ ਆਮ ਰਿਸਾਵਾਂ ਦਾ ਹੋਣਾ ਜ਼ਰੂਰੀ ਹੈ। ਪਰ ਇਹ ਜੀਵਨ ਨਾਸਵਾਨ ਹੈ। ਇਸ ਕਰਕੇ ਪਰਮੇਸ਼ੁਰ ਨੇ ਆਪਣੀ ਪਵਿੱਤਰਤਾਈ ਵਿਚ ਵਿਖਾਈ ਗਈ ਆਪਣੀ ਨਿਰਾਲੀ ਅਮਰਤਾ ਉੱਤੇ ਜ਼ੋਰ ਦਿੱਤਾ, ਉਸ ਦੇ ਮੁਕਾਬਲੇ ਆਦਮੀ ਦੀ ਮੌਤ (ਜੋ ਦੋ ਰਿਸਾਵਾਂ) ਨਾਲ ਵਿਖਾਈ ਗਈ ਨੂੰ ਅਸ਼ੁੱਧ ਕਰਾਰ ਦਿੱਤਾ। ਇਹ ਅਸ਼ੁੱਧਤਾ ਰਸਮੀ ਸ਼ੁੱਧਤਾ ਸੀ (ਨੈਤਿਕ ਪਾਪ ਹੋਣ ਦੀ ਬਜਾਇ) ਅਤੇ ਇਹਦੇ ਵਿਚ ਸੁਧਾਰ ਦੀ ਥੋੜ੍ਹੀ ਜਿਹੀ ਲੋੜ ਸੀ; ਇਹ ਤੱਥ ਦੱਸਦੇ ਹਨ ਕਿ ਪਰਮੇਸ਼ੁਰ ਮਨੁੱਖ ਦੇ ਨਾਸਵਾਨ ਹੋਣ ਪਾਪ ਜਾਂ ਭਿਆਨਕ ਗ਼ਲਤੀ ਦੇ ਰੂਪ ਵਿਚ ਨਹੀਂ ਵੇਖਦਾ।[9]

ਇਸ ਕਾਰਣ ਦੇ ਸਬੰਧ ਵਿਚ ਕਿ ''ਅਸ਼ੁੱਧਤਾ'' ਲੇਵੀਆਂ 15 ਵਿਚ ਨਰ ਅਤੇ ਮਾਦਾ ਦੇ ਰਿਸਾਵਾਂ ਨੂੰ ਦੱਸਿਆ ਗਿਆ ਹੈ ਇਕ ਲੰਮੀ ਗੱਲਬਾਤ ਵਿਚ ਵੈਨਹਮ ਨੇ ਕਈ ਵਿਚਾਰ ਦਿੱਤੇ। ਵਿਚਾਰਾਂ ਦੀ ਉਸਦੀ ਫ਼ਹਰਿਸਤ ਨੂੰ ਇਸ ਤਰ੍ਹਾਂ ਸੰਖੇਪ ਕੀਤਾ ਜਾ ਸਕਦਾ ਹੈ:

1. ਅਧਿਆਇ 15 ਵਿਚਲੇ ਨਿਯਮਾਂ ਦਾ ਅਧਾਰ ਸਿਰਫ਼ ਸਾਫ਼ ਸਫ਼ਾਈ ਦੇ ਕਾਰਣ ਹਨ।
2. ਸਰੀਰਕ ਸਬੰਧ ਸ਼ੈਤਾਨੀ ਸ਼ਕਤੀਆਂ ਨਾਲ ਸਬੰਧਿਤ ਸਨ (ਭਾਵੇਂ ਬਾਈਬਲ ਵਿਚ ਅਜਿਹੇ ਵਿਚਾਰ ਨੂੰ ਸਹੀ ਨਹੀਂ ਠਹਿਰਾਇਆ ਗਿਆ)।
3. ਕਾਰਣ ਦੱਸਣ ਦੀ ਕੋਸ਼ਿਸ਼ ਕਰਨ ਦੀ ਬਜਾਇ ਇਹ ਨਿਯਮ ਇੱਥੇ ਮਿਲਦੇ ਹਨ, ਕਈਆਂ ਨੇ ਸਿਰਫ਼ ਐਨਾ ਕਿਹਾ ਹੈ ਕਿ ਯਹੂਦੀ ਧਰਮ ਤੋਂ ਇਲਾਵਾ ਪ੍ਰਾਚੀਨ ਧਰਮਾਂ ਵਿਚ ਵੀ ਇਹਦੇ ਵਰਗੇ ਨਿਯਮ ਹੈ ਸਨ।
4. ਇਹ ਸਰੀਰਕ ਰਿਸਾਵ ਪਾਪ ਅਤੇ ਮੌਤ ਦਾ ਪ੍ਰਤੀਕ ਸਨ। ਇਸ ਕਰਕੇ ਇਹ ਨਿਯਮ ਆਦਮੀ ਨੂੰ ਇਹ ਯਾਦ ਦੁਆਉਣ ਲਈ ਸਨ ਕਿ ਉਹ ਪਾਪੀ ਹੈ ਅਤੇ ਪਾਪ ਉਸਦੇ ਅੰਦਰੂਨੀ ਵਿਚਾਰਾਂ ਅਤੇ ਨਿੱਜੀ ਕੰਮਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ।
5. ਇਨ੍ਹਾਂ ਨਿਯਮਾਂ ਵਿਚ ਇਸਰਾਏਲ ਦੀ ਪਵਿੱਤਰਤਾਈ ਤੇ ਜ਼ੋਰ ਦਿੱਤਾ ਗਿਆ ਅਤੇ ਪਰਮੇਸ਼ੁਰ ਦੇ ਲੋਕਾਂ ਨੂੰ ਦੂਜਿਆਂ ਨਾਲੋਂ ਅੱਡ ਹੋਣ ਵਿਚ ਮਦਦ ਮਿਲੀ।
6. ਪਵਿੱਤਰਤਾਈ ਸਿੱਧਤਾ ਦੇ ਬਰਾਬਰ ਹੈ ਅਤੇ ਹਰ ਤਰ੍ਹਾਂ ਦੇ ਧੱਬੇ ਅਸ਼ੁੱਧਤਾ ਦਾ ਕਾਰਣ ਸਨ, ਇਸ ਕਰਕੇ ਸਰੀਰ ਦੇ ਰਿਸਾਵਾਂ ਨਾਲ ਇਸਰਾਏਲੀ ਅਸ਼ੁੱਧ ਹੋ ਜਾਂਦੇ ਅਤੇ ਪਵਿੱਤਰ ਡੇਰੇ ਦੀਆਂ ਸੇਵਾਵਾਂ ਵਿਚ ਭਾਗ ਲੈਣ ਦੇ ਅਯੋਗ ਹੋ ਜਾਂਦੇ ਸਨ। ਇਸ ਕਰਕੇ ਇਹ ਨਿਯਮ

ਇਸਰਾਏਲ ਦੇ ਆਲੇ ਦੁਆਲੇ ਦੀਆਂ ਕੌਮਾਂ ਦੇ ਸਬੰਧ ਵਿਚ ਇਸਰਾਏਲ ਦੇ ਰੁਤਬੇ ਦਾ ਪ੍ਰਤੀਕ ਸਨ ਅਤੇ ''ਕਨਾਨੀਆਂ ਨਾਲ ਅੰਤਰ ਵਿਆਹ ਤੋਂ ਅਤੇ ਵਿਦੇਸ਼ੀ ਰੀਤਾਂ ਅਤੇ ਧਰਮ ਦੇ ਵਿਰੁੱਧ ਪਾਬੰਦੀਆਂ ਰੋਕਣ ਦੇ ਨਿਯਮਾਂ ਦੀ ਅਭਿਵਿਅਕਤੀ ਸਨ ਜੋ ਇਸਰਾਏਲੀਆਂ ਦੇ ਚੁਣੀ ਹੋਈ ਅਤੇ ਪਵਿੱਤਰ ਕੌਮ ਦੇ ਰੂਪ ਵਿਚ ਉਨ੍ਹਾਂ ਦੇ ਵਿਸ਼ੇਸ਼ ਦਰਜੇ ਦੇ ਉਲਟ ਸੀ।''

7. ਸ਼ਾਇਦ ਸਭ ਤੋਂ ਵਧੀਆ ਜਵਾਬ ਇਹ ਹੈ ਕਿ ਪ੍ਰਦੂਸ਼ਣ ਨਾਲ ਸਬੰਧਿਤ ਨਿਯਮ ਨੈਤਿਕਤਾ ਨੂੰ ਵਧਾਵਾ ਦੇਣ ਲਈ ਦਿੱਤੇ ਗਏ ਸਨ, ਖ਼ਾਸ ਤੌਰ ਤੇ ਉਹ ''ਸੈਕਸ ਸਬੰਧਾਂ ਵਿਚ ਸੰਜਮ'' ਨੂੰ ਵਧਾਵਾ ਦਿੰਦੇ ਹਨ। ਨਾਲੇ ਮੰਨੇ ਜਾਣ ਤੇ, ਉਹ ਬੁੱਤਪ੍ਰਸਤ ਧਰਮਾਂ ਵਿਚ ਆਮ ਰੰਡੀਬਾਜ਼ੀ ਅਤੇ ਜਣਨ ਦੀਆਂ ਰੀਤਾਂ ਤੋਂ ਇਸਰਾਏਲ ਵਿੱਚੋਂ ਦੂਰ ਕਰਦੇ ਸਨ ਅਤੇ ਉਨ੍ਹਾਂ ਨੂੰ ਆਮ ਰੰਡੀਬਾਜ਼ੀ ਤੋਂ ਰੋਕਦੇ ਸਨ।10

ਐਨੇ ਵਿਚਾਰ ਹੋ ਸਕਦੇ ਹਨ ਕਿਉਂ ਜੋ ਬਾਈਬਲ ਇਨ੍ਹਾਂ ਨਿਯਮਾਂ ਦੇ ਕਾਰਣ ਨਹੀਂ ਦਿੰਦੀ, ਸਿਵਾਇ ਇਹ ਜ਼ੋਰ ਦੇਣ ਦੇ ਕਿ ਪਰਮੇਸ਼ੁਰ ਨੂੰ ਭਾਉਣ ਅਤੇ ਉਸ ਦੇ ਕਹਿਰ ਤੋਂ ਬਚਣ ਲਈ ਇਨ੍ਹਾਂ ਨੂੰ ਮੰਨਿਆ ਜਾਣਾ ਜ਼ਰੂਰੀ ਸੀ (ਵੇਖੋ 15:31–33)। ਇਨ੍ਹਾਂ ਸਿੱਖਿਆਵਾਂ ਨੂੰ ਮੰਨਣ ਦਾ ਕੁਝ ਲਾਭ ਤਾਂ ਹੈ, ਪਰ ਸ਼ਾਇਦ ਇਸ ਸਵਾਲ ਨਾਲ ਨਜਿੱਠਣ ਦਾ ਸਭ ਤੋਂ ਅਸਾਨ ਤਰੀਕਾ, ਜਿਵੇਂ ਪਹਿਲਾਂ ਸੁਝਾਅ ਦਿੱਤਾ ਗਿਆ ਹੈ, ਇਹ ਧਿਆਨ ਦੁਆਉਣਾ ਹੈ ਕਿ ਇਸ ਨਾਲ ''ਅਸ਼ੁੱਧਤਾ'' ਦੀ ਰਸਮ ਨੇ ਆਪਣੇ ਆਪ ਨੂੰ ਉਸ ਨਾਲ ਮਿਲਾ ਲਿਆ ਜੋ ਗੈਰ ਮਾਮੂਲੀ ਜਾਂ ਗੈਰ ਕੁਦਰਤੀ ਸੀ। ਕੁਝ ਚੀਜ਼ਾਂ ਜਿਹੜੀਆਂ ਸਚਮੁਚ ''ਅਸ਼ੁੱਧ'' ਸਨ (ਜਿਵੇਂ ਸਾਰਾ ਦਿਨ ਖੇਤ ਵਿਚ ਕੰਮ ਕਰਨ ਜਾਂ ਧੂੜ ਭਰੀਆਂ ਸੜਕਾਂ ਤੇ ਚੱਲਣ ਨਾਲ ਗੰਦੇ ਹੋਏ ਹੱਥ ਜਾਂ ਪੈਰ) *ਰਸਮੀ* ਤੌਰ ਤੇ ਅਸ਼ੁੱਧ ਨਹੀਂ ਹੁੰਦੇ ਸਨ, ਕਿਉਂ ਜੋ ਉਨ੍ਹਾਂ ਨੂੰ ਆਮ ਗੱਲ ਜਾਂ ਸੁਭਾਵਕ ਮੰਨਿਆ ਜਾਂਦਾ ਸੀ। ਇਸ ਦੇ ਉਲਟ ਲੋਕਾਂ ਅਤੇ ਚੀਜ਼ਾਂ ਤੇ ਕੋੜ੍ਹ ਵਿਚ ਕੁਝ ਅਜਿਹਾ ਸ਼ਾਮਿਲ ਸੀ ਜਿਹੜਾ ਵੇਖਣ ਵਿਚ ਗੈਰ ਮਾਮੂਲੀ ਸੀ। ਬੱਚੇ ਦਾ ਜਨਮ ਹਰ ਰੋਜ਼ ਨਹੀਂ ਹੁੰਦਾ ਸੀ, ਇਸ ਕਰਕੇ ਇਹ ਇਹ ਵੱਖਰਾ ਸੀ।

ਇਸੇ ਤਰ੍ਹਾਂ ਨਾਲ ਸਰੀਰ ਵਿੱਚੋਂ ਨਿਕਲਣ ਵਾਲੇ ਰਿਸਾਵ ਜਿਨ੍ਹਾਂ ਨਾਲ ਅਸ਼ੁੱਧਤਾ ਹੁੰਦੀ ਸੀ, ਪਰਿਭਾਸ਼ਾ ਤੋਂ ਹੀ ਮਾਮੂਲੀ ਨਹੀਂ ਸਨ। ਜੇ ਉਹ ਰੋਜ਼ ਹੁੰਦੇ ਤਾਂ ਉਨ੍ਹਾਂ ਵੱਲ ਧਿਆਨ ਨਹੀਂ ਜਾਣਾ ਸੀ। ਕਿਉਂਕਿ ਉਹ ਵਿਲੱਖਣ ਸਨ ਅਤੇ ਉਸ ਅਰਥ ਵਿਚ ਉਹ ਗੈਰ ਮਾਮੂਲੀ ਸਨ।[11] ਇਸ ਕਰਕੇ ਸਾਫ਼ ਸਫ਼ਾਈ/ਗੰਦਗੀ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ''ਅਸ਼ੁੱਧ'' ਆਖਿਆ ਜਾਂਦਾ ਸੀ।

ਕੋਈ ਇਸਰਾਏਲੀ ਜਿਸ ਉੱਤੇ ਇਹ ਨਿਯਮ ਲਾਗੂ ਹੁੰਦਾ ਸੀ, ਹੈਰਾਨ, ਪਰੇਸ਼ਾਨ ਜਾਂ ਨਿਰਾਸ਼ ਨਹੀਂ ਹੁੰਦਾ ਹੋਵੇਗਾ। ਖ਼ੁਦਾ ਦੇ ਲੋਕਾਂ ਨੂੰ ਪਤਾ ਹੁੰਦਾ ਸੀ ਕਿ ''ਅਸ਼ੁੱਧ'' ਦਾ ਠੱਪਾ ਲੱਗਣਾ ''ਪਾਪੀ'' ਹੋਣ ਦਾ ਠੱਪਾ ਲੱਗਣ ਵਾਂਗ ਨਹੀਂ ਸੀ। ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕੋਈ ਵਿਅਕਤੀ ਅਸ਼ੁੱਧ ਹੋ ਸਕਦਾ ਸੀ ਭਾਵੇਂ ਉਹਨੇ ਆਪ ਕੋਈ ਕਸੂਰ ਨਾ ਕੀਤਾ ਹੋਵੇ। ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਬਾਕੀ ਸਭਨਾਂ ਨੂੰ ਇਹੀ ਗਿਆਨ ਹੈ। ਆਮ ਤੌਰ ਤੇ ''ਅਸ਼ੁੱਧ'' ਹੋਣ ਦਾ ਠੱਪਾ ਲੱਗਣ ਦੇ ਨਤੀਜੇ ਪਰੇਸ਼ਾਨ ਕਰਨ ਵਾਲੇ ਨਹੀਂ ਹੁੰਦੇ ਸਨ। ਇਸ ਕਰਕੇ ਇਸ ਵਿਚ ਸੰਦੇਹ ਹੈ ਕਿ ਕਿਸੇ ਦੇ ਸਰੀਰ ਦੇ ਪ੍ਰਮੇਹ (ਧਾਤ ਵਗਣ) ਨਾਲ ''ਅਸ਼ੁੱਧ'' ਅਖਵਾਉਣ ਨਾਲ ਸ਼ਰਮ ਦੀ ਕੋਈ ਗੱਲ ਹੈ ਸੀ ਜਾਂ ਨਹੀਂ।

ਇਸ ਤੋਂ ਇਲਾਵਾ ਸ਼ੁੱਧ/ਅਸ਼ੁੱਧ ਦੇ ਸਿਸਟਮ ਵਿਚ ਇਸਰਾਏਲੀਆਂ ਨੂੰ ਕੁਝ ਲਾਭ ਸਨ। ਧਰਮਸ਼ਾਸਤਰੀ ਨਜ਼ਰੀਏ ਤੋਂ ਇਨ੍ਹਾਂ ਨਿਯਮਾਂ ਨੂੰ ਮੰਨਣ ਨਾਲ ਪਰਮੇਸ਼ੁਰ ਪ੍ਰਸੰਨ ਹੁੰਦਾ ਸੀ ਜਿਸ ਨੇ ਉਨ੍ਹਾਂ ਨੂੰ ਇਹ ਨਿਯਮ ਦਿੱਤੇ ਸਨ, ਇਸ ਦੇ ਨਾਲ ਹੀ ਪਰਮੇਸ਼ੁਰ ਦੇ ਡੇਰੇ ਅਤੇ ਪਰਮੇਸ਼ੁਰ ਦੀ ਕੌਮ ਦੀ ਪਵਿੱਤਰਤਾਈ ਬਣੀ ਰਹਿੰਦੀ ਸੀ। ਧਾਰਮਿਕ ਅਤੇ ਨੈਤਿਕ ਪੱਖੋਂ ਇਹ ਨਿਯਮ ਸੈਕਸ ਦੇ ਉਸ ਵਿਹਾਰ ਨੂੰ ਪ੍ਰਫੁੱਲਤ ਕਰਦੇ ਸਨ ਜਿਹੜਾ ਪਰਮੇਸ਼ੁਰ ਦੀਆਂ ਨੈਤਿਕ ਸ਼ਰਤਾਂ ਨਾਲ ਮੇਲ ਖਾਂਦਾ ਹੋਵੇ। ਵਿਹਾਰਕ ਪੱਖੋਂ

ਇਸ ਨਿਯਮ ਨਾਲ ਪਰਮੇਸ਼ੁਰ ਦੇ ਲੋਕਾਂ ਲਈ ਸਿਹਤਮੰਦ ਮਾਹੌਲ ਬਣਾਉਣ ਵਿਚ ਮਦਦ ਮਿਲਦੀ ਸੀ।

## ਪ੍ਰਸੰਗਿਕਤਾ

**ਸੈਕਸ ਸਬੰਧੀ ਬਾਈਬਲ ਦੀ ਸਿੱਖਿਆ (ਅਧਿਆਇ 15)**

ਲੇਵੀਆਂ 15 ਵਿਚ ਮਨੁੱਖੀ ਸੈਕਸ ਨਾਲ ਸਬੰਧਿਤ ਹੁਕਮ ਹਨ। ਅਸੀਂ ਪੁਰਾਣੇ ਨੇਮ ਦੇ ਨਹੀਂ ਬਲਕਿ ਨਵੇਂ ਨੇਮ ਦੇ ਤਹਿਤ ਰਹਿੰਦੇ ਹਾਂ, ਇਸ ਕਰਕੇ ਉਸ ਵਿਚਲੇ (ਲੇਵੀਆਂ ਦੇ ਬਾਕੀ ਦੇ ਨਿਯਮਾਂ ਵਾਂਗ) ਇਹ ਨਿਯਮ ਸਿਰਫ਼ ਇਸਰਾਏਲੀਆਂ ਲਈ ਸਨ ਅਤੇ ਅੱਜ ਇਹ ਸਾਡੇ ਉੱਤੇ ਲਾਗੂ ਨਹੀਂ ਹੁੰਦੇ। ਪਰ ਇਹ ਨਿਯਮ ਸਾਨੂੰ ਇਹ ਪੁੱਛਣ ਦੀ ਪ੍ਰੇਰਣਾ ਦਿੰਦੇ ਹਨ ਕਿ ਬਾਈਬਲ ਸੈਕਸ ਬਾਰੇ ਕੀ ਦੱਸਦੀ ਹੈ।

ਸਾਨੂੰ ਲਗ ਸਕਦਾ ਹੈ ਕਿ ਸੈਕਸ ਦੇ ਵਿਸ਼ੇ ਤੇ ਅੱਜ ਸਾਡੇ ਲਈ ਪਰਮੇਸ਼ੁਰ ਦਾ ਵਚਨ ਸਿਰਫ਼ ''ਨਾ ਕਰੋ'' ਹੈ! ਸੈਕਸ ਤੇ ਗੱਲ ਕਰਦਿਆਂ ਪ੍ਰਚਾਰਕ ਅਤੇ ਉਸਤਾਦ (ਜਾਂ ਸਿਖਾਉਣ ਵਾਲੇ ਟੀਚਰ) ਨਕਾਰਾਤਮਕ ਗੱਲਾਂ ਉੱਤੇ ਜਿਨ੍ਹਾਂ ਦੀ ਪਰਮੇਸ਼ੁਰ ਇਜਾਜ਼ਤ ਨਹੀਂ ਦਿੰਦਾ ਬਹੁਤ ਸਮਾਂ ਲਗਾ ਦਿੰਦੇ ਹਨ। ਜਿਸ ਤੋਂ ਸਾਨੂੰ ਇਹ ਲੱਗਣ ਲਗਦਾ ਹੈ ਕਿ ਨਵੇਂ ਨੇਮ ਵਿਚ ਇਸ ਉੱਤੇ ਕੋਈ ਸਕਾਰਾਤਮਕ ਸਿੱਖਿਆ ਨਹੀਂ ਹੈ। ਜੇ ਸਾਡਾ ਮੰਨਣਾ ਇਹ ਹੈ ਤਾਂ ਸਾਨੂੰ ਨਵੇਂ ਨੇਮ ਦਾ ਓਨਾ ਪਤਾ ਨਹੀਂ ਹੈ ਜਿੰਨਾ ਹੋਣਾ ਚਾਹੀਦਾ ਹੈ।

*ਨਕਾਰਾਤਮਕ ਗੱਲਾਂ।* ਬੇਸ਼ੱਕ ਨਵੇਂ ਨੇਮ ਵਿਚ ਸੈਕਸ ਬਾਰੇ ਨਕਾਰਾਤਮਕ ਸਿੱਖਿਆਵਾਂ ਹਨ, ਪਰ ਇਹ ਕੁਝ ''ਨਾ ਕਰੋ'' ਦੀਆਂ ਗੱਲਾਂ ਵੀ ਦੱਸਦਾ ਹੈ ਜਿਹੜੀਆਂ ਸਾਨੂੰ ਸੁਣਨੀਆਂ, ਮੰਨਣੀਆਂ ਅਤੇ ਕਰਨੀਆਂ ਜ਼ਰੂਰੀ ਹਨ। ਇਹ ਸਾਨੂੰ ਦੱਸਦਾ ਹੈ ਕਿ ਹਰਾਮਕਾਰੀ ਅਤੇ ਵਿਭਚਾਰ ਪਾਪ ਹਨ (1 ਕੁਰਿੰਥੀਆਂ 6:15, 18; ਗਲਾਤੀਆਂ 5:19; ਅਫ਼ਸੀਆਂ 5:3; ਇਬਰਾਨੀਆਂ 13:4) ਅਤੇ ਸਮਲੈਂਗਿਕਤਾ ਗ਼ਲਤ ਹੈ (ਰੋਮੀਆਂ 1:26, 27; 1 ਕੁਰਿੰਥੀਆਂ 6:9−11)। ਇਹ ਇਹ ਵੀ ਦੱਸਦਾ ਹੈ ਕਿ ਵਾਸਨਾ ਭਰੇ ਵਿਚਾਰ ਗ਼ਲਤ ਹਨ (ਮੱਤੀ 5:27, 28; ਕੁਲੁੱਸੀਆਂ 3:5; ਯਾਕੂਬ 1:14, 15)। ਅਸਲ ਵਿਚ ਇਹ ਐਲਾਨ ਕਰਦਾ ਹੈ ਕਿ ਇਨ੍ਹਾਂ ਗੱਲਾਂ ਦੇ ਕਰਨ ਵਾਲੇ ਲੋਕ ਜੇ ਤੋਬਾ ਨਹੀਂ ਕਰਦੇ ਤਾਂ ਉਹ ਮੌਤ ਦੀ ਸਜ਼ਾ ਦੀ ਉਮੀਦ ਕਰ ਸਕਦੇ ਹਨ (ਗਲਾਤੀਆਂ 5:21; ਪਰਕਾਸ਼ ਦੀ ਪੋਥੀ 21:8)।

ਆਮ ਤੌਰ ਤੇ ਅਸੀਂ ਅਸਾਨੀ ਨਾਲ ਇਹ ਗੱਲਾਂ ਆਖ ਦਿੰਦੇ ਹਾਂ ਅਤੇ ਫਿਰ ਉਨ੍ਹਾਂ ਨੂੰ ਭੁੱਲ ਜਾਂਦੇ ਹਾਂ। ਅਸੀਂ ਅਜਿਹੇ ਸਮੇਂ ਵਿਚ ਰਹਿੰਦੇ ਹਾਂ ਜਿੱਥੇ ਹਰਾਮਕਾਰੀ ਆਮ ਪਾਈ ਜਾਂਦੀ ਹੈ, ਬਿਨਾਂ ਵਿਆਹ ਦੇ ਇਕੱਠੇ ਰਹਿਣ ਵਾਲੇ ਜੋੜਿਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਸ਼ਰਮ ਨਹੀਂ ਆਉਂਦੀ, ਅਤੇ ਅਮਰੀਕਾ ਵਿਚ ਪੈਦਾ ਹੋਣ ਵਾਲੇ ਤਕਰੀਬਨ ਅੱਧੇ ਬੱਚੇ ਅਣਵਿਆਹੇ ਜੋੜਿਆਂ ਦੇ ਹੁੰਦੇ ਹਨ। ਦਾਅਵਾ ਕੀਤਾ ਗਿਆ ਹੈ ਕਿ ਅੱਧੇ ਵਿਆਹ ਤਲਾਕ ਵਿਚ ਬਦਲ ਜਾਂਦੇ ਹਨ ਅਤੇ ਉਨ੍ਹਾਂ ਤਲਾਕਾਂ ਵਿੱਚੋਂ ਜ਼ਿਆਦਾਤਰ ਜਾਂ ਤਾਂ ਪਤੀ ਵੱਲੋਂ ਜਾਂ ਪਤਨੀ ਵੱਲੋਂ ਕੀਤੇ ਗਏ ਵਿਭਚਾਰ ਕਰਕੇ ਹੁੰਦੇ ਹਨ। ਪੋਰਨੋਗ੍ਰਾਫ਼ੀ ਆਮ ਪਾਈ ਜਾਂਦੀ ਹੈ, ਗੁਮਰਾਹ ਕਰਨ ਵਾਲੀਆਂ ਸੈਕਸ ਦੀਆਂ ਗੱਲਾਂ ਨੂੰ ਵਿਖਾਉਣ ਵਾਲੀਆਂ ਕਿਤਾਬਾਂ ਅਤੇ ਫ਼ਿਲਮਾਂ ਨਾਲ ਮਨੋਰੰਜਨ ਉਦਯੋਗ ਵਿਚ ਕੰਮ ਕਰਨ ਵਾਲਿਆਂ ਨੂੰ ਮੋਟੀ ਕਮਾਈ ਹੋ ਜਾਂਦੀ ਹੈ। ਇਸ ਵਿਕਾਰ ਵਿਚ ਵਾਧਾ ਕਰਦਿਆਂ ਸਮਲੈਂਗਿਕਤਾ ਨੂੰ ਬਹੁਤ ਸਾਰੇ ਲੋਕਾਂ ਵੱਲੋਂ ਹੁਣ ''ਬਦਲਵੀਂ ਜੀਵਨ ਸ਼ੈਲੀ'' ਵਜੋਂ ਸਵੀਕਾਰ ਕਰ ਲਿਆ ਗਿਆ ਹੈ। ਅਜਿਹੇ ਸਮੇਂ ਵਿਚ ਵਿਸ਼ਵਾਸੀਆਂ ਲਈ ਸੈਕਸ ਦੇ ਪਾਪ ਭਰੇ ਤਰੀਕਿਆਂ ਬਾਰੇ ਬੋਲਣਾ ਜ਼ਰੂਰੀ ਹੈ।

*ਸਕਾਰਾਤਮਕ ਗੱਲਾਂ।* ਪਰ ਸੈਕਸ ਦੀ ਗੱਲ ਕਰਨ ਲਈ ਨਵਾਂ ਨੇਮ ਸਿਰਫ਼ ਇਨ੍ਹਾਂ ਨਕਾਰਾਤਮਕ ਦੀ ਹੀ ਗੱਲ ਨਹੀਂ ਕਰਦਾ। ਨਵੇਂ ਨੇਮ ਵਿਚ ਇਸ ਵਿਸ਼ੇ ਉੱਤੇ ਸਕਾਰਾਤਮਕ ਸਿੱਖਿਆਵਾਂ ਵੀ

ਮਿਲਦੀਆਂ ਹਨ।

ਪਰਮੇਸ਼ੁਰ ਨੇ ਸੈਕਸ ਨੂੰ ਬਣਾਇਆ ਅਤੇ ਵਿਆਹ ਦਾ ਜ਼ਰੂਰੀ ਹਿੱਸਾ ਠਹਿਰਾਇਆ। ਜਦੋਂ ਯਿਸੂ ਨੂੰ ਤਲਾਕ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਹਨੇ ਉਤਪਤ ਦੀ ਕਿਤਾਬ ਦਾ ਹਵਾਲਾ ਦੇ ਕੇ ਜਵਾਬ ਦਿੱਤਾ, ''ਏਸ ਲਈ ਮਰਦ ਆਪਣੇ ਮਾਪੇ ਛੱਡ ਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਉਹ ਦੋਵੇਂ ਇਕ ਸਰੀਰ ਹੋਣਗੇ। ਸੋ ਹੁਣ ਉਹ ਦੋ ਨਹੀਂ ਬਲਕਣ ਇੱਕੋ ਸਰੀਰ ਹਨ'' (ਮੱਤੀ 19:5, 6)। ਇਹ ਹਵਾਲਾ ਦੱਸਦਾ ਹੈ ਕਿ ਵਿਆਹ ਨੂੰ ਪਰਮੇਸ਼ੁਰ ਵੱਲੋਂ ਰਚਿਆ ਗਿਆ ਅਤੇ ''ਇਕ ਮਿੱਕਤਾ'' ਭਾਵ ਪੁਰਖ ਅਤੇ ਇਸਤਰੀ ਵਿਚਕਾਰ ਮਿਲਾਪ ਬਣਾਇਆ। ''ਦੋਵੇਂ ਇਕ ਸਰੀਰ ਹੋਣਗੇ'' ਵਾਕਖੰਡ ਇਹ ਸੁਝਾਅ ਦਿੰਦਾ ਹੈ ਕਿ ਵਿਆਹ ਵਿਚ ਕੀਤਾ ਜਾਣ ਵਾਲਾ ਸੈਕਸ ਦਾ ਕਾਰਜ ਉਹ ਪਰਮ ਸਾਧਨ ਹੈ ਜਿਸ ਦੇ ਰਾਹੀਂ ਉਹ ਦੋਵੇਂ ਇਕ ਹੁੰਦੇ ਸਨ, ਜਦ ਕਿ ਇਹ ਉਨ੍ਹਾਂ ਦੇ ਇਕ ਹੋਣ ਦੇ ਪ੍ਰਤੀਕ ਦਾ ਵੀ ਕੰਮ ਕਰਦਾ ਹੈ।

ਪਰਮੇਸ਼ੁਰ ਨੇ ਸੈਕਸ ਨੂੰ ਸੰਤਾਨ ਪੈਦਾ ਕਰਨ ਲਈ ਬਣਾਇਆ। ਇਸ ਨਾਲ ਮਨੁੱਖੀ ਕੌਮ ਦਾ ਜਨਮ ਹੁੰਦਾ ਹੈ। ਜੇ ਕੋਈ ਇਸ ਗੱਲ ਨੂੰ ਮੰਨ ਲੈਂਦਾ ਹੈ ਕਿ ਪਰਮੇਸ਼ੁਰ ਨੇ ਆਦਮੀ ਅਤੇ ਔਰਤ ਨੂੰ ਬਣਾਇਆ ਅਤੇ ਉਨ੍ਹਾਂ ਨੂੰ ਸੈਕਸ ਕਰਨ ਵਾਲੇ ਜੀਵ ਬਣਾਇਆ, ਤਾਂ ਉਹ ਇਹ ਵੀ ਮੰਨ ਲਵੇਗਾ ਕਿ ਉਸ ਮਕਸਦ ਨੂੰ ਪੂਰਾ ਕਰਨ ਲਈ ਇਨ੍ਹਾਂ ਦੋਹਾਂ ਲਿੰਗਾਂ ਵਿਚ ਸੈਕਸ ਦੇ ਸਾਰੇ ਸਰੀਰਕ ਅਤੇ ਭਾਵਨਾਤਮਕ ਪਹਿਲੂ ਪਰਮੇਸ਼ੁਰ ਵੱਲੋਂ ਦਿੱਤੇ ਗਏ ਸਨ। ਉਦਾਹਰਣ ਲਈ ਸੈਕਸ ਦੀ ਇੱਛਾ ਜਿਹੜੀ ਆਦਮੀਆਂ ਅਤੇ ਔਰਤਾਂ ਵਿਚ ਪਾਈ ਜਾਂਦੀ ਹੈ ਉਹ ਬੁਰੀ ਨਹੀਂ ਹੈ। ਇਸ ਇੱਛਾ ਦੇ ਬਗ਼ੈਰ ਮਨੁੱਖੀ ਕੌਮ ਦਾ ਵਜੂਦ ਨਹੀਂ ਰਹੇਗਾ! ਪਰਮੇਸ਼ੁਰ ਨੇ ਮਨੁੱਖ ਨੂੰ ਸੰਤਾਨ ਪੈਦਾ ਕਰਨ ਲਈ ਬਣਾਇਆ। ਜਦੋਂ ਕੋਈ ਪਤੀ ਅਤੇ ਪਤਨੀ ਇਸ ਕੰਮ ਨੂੰ ਪੂਰਾ ਕਰਦਾ ਹੈ, ਤਾਂ ਵੱਡੀ ਅਤੇ ਜ਼ਬਰਦਸਤ ਗੱਲ ਇਹ ਹੈ ਕਿ ਉਨ੍ਹਾਂ ਨੇ ਨਵੀਂ ਜ਼ਿੰਦਗੀ ਦੇ ਰਚੇ ਜਾਣ ਵਿਚ ਪਰਮੇਸ਼ੁਰ ਦੇ ਨਾਲ ਸਹਿਯੋਗ ਕੀਤਾ ਹੈ!

ਇੱਥੇ ਸਾਨੂੰ ਆਪਣੇ ਆਪ ਨੂੰ ਇਹ ਯਾਦ ਦੁਆਉਣਾ ਚਾਹੀਦਾ ਹੈ ਕਿ ਸੈਕਸ ਜਾਂ ਜਿਨਸੀ ਸਬੰਧ ਸਿਰਫ਼ ਵਿਆਹ ਦੇ ਦਾਇਰੇ ਦੇ ਅੰਦਰ-ਅੰਦਰ ਹੀ ਕੀਤੇ ਜਾਣ ਲਈ ਸੀ। ਪਤੀ ਅਤੇ ਪਤਨੀ ਦੇ ਜਣਨ ਦੇ ਕੰਮ ਵਿਚ ਲੱਗਣ ਲਈ ਪਰਮੇਸ਼ੁਰ ਦੀ ਯੋਜਨਾ ਅਤੇ ਉਸ ਤੋਂ ਪੈਦਾ ਹੋਏ ਬੱਚਿਆਂ ਲਈ ਪਰਿਵਾਰ ਵਿਚ ਪਿਤਾ ਅਤੇ ਮਾਤਾ ਦੇ ਮੁਖੀ ਹੋਣ ਦੀ ਪਰਮੇਸ਼ੁਰ ਦੀ ਯੋਜਨਾ ਹੈ। ਸੈਕਸ ਨਸਲ ਦੇ ਵਾਧੇ ਲਈ ਸੀ ਉਹ ਵਾਅਦਾ ਸਿਰਫ਼ ਪਰਿਵਾਰ ਦੀ ਇਕਾਈ ਦੇ ਅੰਦਰ ਹੀ ਹੋਣਾ ਜ਼ਰੂਰੀ ਸੀ।

ਪਰਮੇਸ਼ੁਰ ਨੇ ਸੈਕਸ ਨੂੰ ਦੋਹਾਂ ਧਿਰਾਂ ਦੀ ਸੰਤੁਸ਼ਟੀ ਲਈ ਵੀ ਬਣਾਇਆ। ਵਿਆਹ ਦੇ ਅੰਦਰ ਸੈਕਸ ਦੋਹਾਂ ਧਿਰਾਂ ਨੂੰ ਸੰਤੁਸ਼ਟੀ ਦੇਣ ਲਈ ਸੀ। 1 ਕੁਰਿੰਥੀਆਂ 7 ਵਿਚ ਪੌਲੁਸ ਨੇ ਇਹ ਸਾਫ਼ ਕਰ ਦਿੱਤਾ ਕਿ ਪਤੀ ਅਤੇ ਪਤਨੀ ਦੋਵੇਂ ਆਪਣੇ ਸੈਕਸ ਸਬੰਧੀ ਇਕ ਦੂਜੇ ਨੂੰ ਸੰਤੁਸ਼ਟ ਕਰਨ ਉੱਤੇ ਧਿਆਨ ਦੇਣ।

ਕਈਆਂ ਨੇ ਸੈਕਸ ਨੂੰ ਨਸਲਾਂ ਦੇ ਬਣਾਈ ਰੱਖਣ ਲਈ ਜ਼ਰੂਰੀ, ਪਰ ਇਕ ਜ਼ਰੂਰੀ ਬੁਰਿਆਈ ਦੇ ਰੂਪ ਵਿਚ ਵੇਖਿਆ ਹੈ। ਕੁਝ ਧਾਰਮਿਕ ਗੁਰੂਆਂ ਨੇ ਇਹ ਨਿਚੋੜ ਕੱਢਿਆ ਹੈ ਕਿ ਬੱਚਾ ਪੈਦਾ ਕਰਨ ਦੇ ਕਿਸੇ ਇਰਾਦੇ ਦੇ ਬਗ਼ੈਰ ਵਿਆਹੇ ਹੋਏ ਜੋੜੇ ਵੱਲੋਂ ਕੀਤਾ ਜਾਣ ਵਾਲਾ ਸੈਕਸ ਪਾਪ ਹੈ। ਉਨ੍ਹਾਂ ਨੇ ਇਹ ਤੈਅ ਕੀਤਾ ਹੈ ਕਿ ਕਿਸੇ ਵੀ ਤਰ੍ਹਾਂ ਦਾ ਪਰਿਵਾਰ ਨਿਯੋਜਨ ਪਾਪ ਹੈ। ਬਾਈਬਲ ਅਜਿਹੀ ਸਿੱਖਿਆ ਨਹੀਂ ਦਿੰਦੀ। ਪਰਮੇਸ਼ੁਰ ਨੇ ਸਚਮੁਚ ਸੈਕਸ ਨੂੰ ਅਬਾਦੀ ਵਧਾਉਣ ਲਈ ਦਿੱਤਾ ਸੀ, ਪਰ ਉਹਨੇ ਇਸ ਨੂੰ ਪਤੀ ਅਤੇ ਪਤਨੀ ਦੋਹਾਂ ਲਈ ਇਕ ਸੰਤੋਸ਼ਜਨਕ ਅਤੇ ਨਿੱਘਾ ਅਤੇ ਪਿਆਰ ਭਰਿਆ ਅਨੁਭਵ ਦੇਣ ਲਈ ਵੀ ਦਿੱਤਾ।

*ਸਾਰ।* ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਸੈਕਸ ਨੂੰ ਉਵੇਂ ਵੇਖੀਏ ਜਿਵੇਂ ਬਾਈਬਲ ਦੱਸਦੀ ਹੈ। ਭਾਵ ਵਿਆਹ ਲਈ ਪਰਮੇਸ਼ੁਰ ਵੱਲੋਂ ਬਣਾਇਆ ਗਿਆ ਕਾਰਜ ਜਿੱਥੇ ਇਹ ਵਿਆਹ ਦੀ ਪਰਿਭਾਸ਼ਾ ਦੇਣ ਵਾਲੇ ਪ੍ਰਤੀਕ ਅਤੇ ਏਕਤਾ ਦੇ ਕਾਰਣ ਦਾ ਕੰਮ ਕਰਦਾ ਹੈ। ਇਹ ਸਿਰਫ਼ ਮਨੁੱਖੀ ਕੌਮ ਦਾ ਵਜੂਦ

ਬਣਾਈ ਰੱਖਣ ਲਈ ਹੀ ਨਹੀਂ ਬਲਕਿ ਪਤੀ ਅਤੇ ਪਤਨੀ ਦੋਹਾਂ ਨੂੰ ਵੱਡੀ ਸੰਤੁਸ਼ਟੀ ਦੇਣ ਲਈ ਵੀ ਦਿੱਤਾ ਗਿਆ। ਬਾਈਬਲ ਸੈਕਸ ਦੇ ਸਬੰਧ ਵਿਚ ਸਿਰਫ਼ ਇਹੀ ਨਹੀਂ ਆਖਦੀ ਕਿ ''ਨਾ ਕਰੋ!'' ਬਲਕਿ ਵਿਆਹ ਦੇ ਅੰਦਰ ਰਹਿ ਕੇ ਇਹ ਆਖਦੀ ਹੈ ਕਿ ''ਕਰੋ!'' ਪਤੀਆਂ ਅਤੇ ਪਤਨੀਆਂ ਨੂੰ ਇਸ ਸਾਰਥਕ, ਅਨੰਦ ਦੇਣ ਵਾਲੇ ਅਤੇ ਪਰਮੇਸ਼ੁਰ ਵੱਲੋਂ ਦਿੱਤੇ ਕੰਮ ਵਿਚ ਭਾਗ ਲੈਣ ਦੀ ਬਰਕਤ ਮਿਲੀ ਹੈ।

## ਅਸ਼ੁੱਧਤਾ ਤੋਂ ਮੁਕਤ (ਅਧਿਆਇ 11—15)

ਲੇਵੀਆਂ ਦੀ ਪੋਥੀ ਅਤੇ ਮੂਸਾ ਦੀ ਸ਼ਰ੍ਹਾ ਵਿਚ ਮਿਲਣ ਵਾਲੇ ਸਭ ਤੋਂ ਅਜੀਬ ਨਿਯਮਾਂ ਵਿਚ ਸ਼ੁੱਧਤਾ ਅਤੇ ਅਸ਼ੁੱਧਤਾ ਨਾਲ ਸਬੰਧਿਤ ਨਿਯਮ ਹਨ। ਲੇਵੀਆਂ 11–15 ਵਿਚ ਇਹ ਨਿਯਮ ਵਧੇਰੇ ਕਰਕੇ ਹਨ ਜਦ ਕਿ ਪੰਚਗ੍ਰੰਥ (ਤੁਰੇਤ) ਦੇ ਹੋਰਨਾਂ ਭਾਗਾਂ ਦੇ ਨਾਲ–ਨਾਲ ਪੁਸਤਕ ਵਿਚ ਹੋਰਨਾਂ ਥਾਂਵਾਂ ਵਿਚ ਵੀ ਮਿਲਦੇ ਹਨ। ਅਸਲ ਵਿਚ ਅੰਗ੍ਰੇਜ਼ੀ ਅਨੁਵਾਦ NASB ਵਿਚ ''ਸ਼ੁੱਧ'' ਲਈ ਸ਼ਬਦ ਲੇਵੀਆਂ ਦੀ ਪੋਥੀ ਵਿਚ 46 ਵਾਰ ਅਤੇ ''ਅਸ਼ੁੱਧ'' ਲਈ 116 ਵਾਰ ਮਿਲਦਾ ਹੈ।

ਇਹ ਸਮਝਾਉਣ ਲਈ ਕਿ ਅੱਜ ਇਹ ਨਿਯਮ ਕਿੰਨੇ ਅਜੀਬ ਹਨ, ਕੋਈ ਵਿਚਾਰ ਕਰ ਸਕਦਾ ਹੈ ਕਿ ਜੇ ਉਸ ਦੇ ਘਰ ਵਿਚ ਕੰਬਲ ਉੱਤੇ ਕੋਈ ਚੂਹਾ ਮਰਿਆ ਮਿਲ ਜਾਵੇ ਤਾਂ ਕੀ ਹੋਵੇ। ਸੰਭਵ ਹੈ ਕਿ ਉਹ ਉਹਨੂੰ ਦਸਤਾਨੇ ਜਾਂ ਨੈਪਕਿਨ ਨਾਲ ਫੜ੍ਹ ਕੇ ਕੂੜੇ ਵਿਚ ਚੁੱਕ ਕੇ ਸੁੱਟ ਦਵੇਗਾ ਜਿਸ ਨਾਲ ਉਸ ਦਾ ਹੱਥ ਨਾ ਲੱਗੇ। ਉਹ ਆਪਣਾ ਹੱਥ ਧੋ ਲਵੇ ਅਤੇ ਕੰਬਲ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਵੇ। ਅਤੇ ਉਹ ਫੇਰ ਆਪਣਾ ਉਹ ਕੰਮ ਕਰਨ ਨੂੰ ਲੱਗ ਪਵੇ ਜੋ ਉਹ ਪਹਿਲਾਂ ਕਰ ਰਿਹਾ ਸੀ ਅਤੇ ਉਹਨੂੰ ਭੁਲਾਉਣ ਦੀ ਕੋਸ਼ਿਸ਼ ਕਰੇ।

ਇਸ ਦੇ ਉਲਟ ਮੂਸਾ ਦੀ ਸ਼ਰ੍ਹਾ ਦੇ ਤਹਿਤ ਰਹਿਣ ਵਾਲਾ ਵਿਅਕਤੀ ਕੀ ਕਰਦਾ ਜੇ ਉਹਨੂੰ ਕੰਬਲ ਉੱਤੇ ਮਰਿਆ ਚੂਹਾ ਮਿਲ ਜਾਂਦਾ? ਉਹ ਵੀ ਇਸ ਨੂੰ ਚੁੱਕ ਕੇ ਸੁਟ ਦਿੰਦਾ? ਉਸ ਤੋਂ ਬਾਅਦ ਲੇਵੀਆਂ 11:29–35 ਦੇ ਅਨੁਸਾਰ ਜੇ ਉਹ ਕਿਸੇ ਮਰੇ ਹੋਏ ਚੂਹੇ ਨੂੰ ਛੂਹ ਲੈਂਦਾ ਤਾਂ ਉਹਨੇ ''ਸ਼ਾਮ ਤਕ ਅਸ਼ੁੱਧ'' ਰਹਿਣਾ ਸੀ ਅਤੇ ਨਾਲੇ ਜਿਸ ਵੀ ਚੀਜ਼ ਨੂੰ ਉਹ ਮਰਿਆ ਹੋਇਆ ਚੂਹਾ ਲੱਗਾ ਹੋਇਆ ਹੁੰਦਾ ਉਹ ਵੀ ਅਸ਼ੁੱਧ ਹੋ ਜਾਣੀ ਸੀ। ਇਸ ਤੋਂ ਇਲਾਵਾ ਮਰੇ ਹੋਏ ਚੂਹੇ ਨੂੰ ਲੱਗਾ ਕੰਬਲ ਅਸ਼ੁੱਧ ਹੋ ਜਾਂਦਾ ਅਤੇ ਉਹਨੂੰ ਸਾੜ ਦਿੱਤਾ ਜਾਂਦਾ।

ਇਸ ਤਰ੍ਹਾਂ ਦਾ ਨਿਯਮ ਸਾਨੂੰ ਖੁਸ਼ੀ ਦਿੰਦਾ ਹੈ ਕਿ ਅਸੀਂ ਮਸੀਹ ਦੀ ਸ਼ਰ੍ਹਾ ਦੇ ਤਹਿਤ ਰਹਿੰਦੇ ਹਾਂ ਨਾ ਕਿ ਮੂਸਾ ਦੀ ਸ਼ਰ੍ਹਾ ਦੇ ਤਹਿਤ। ਮੂਸਾ ਦੀ ਸ਼ਰ੍ਹਾ ਦੇ ਤਹਿਤ ਅਸ਼ੁੱਧਤਾ ਨਾਲ ਸਬੰਧਿਤ ਨਿਯਮ ਕੀ ਸਨ। ਉਨ੍ਹਾਂ ਨਿਯਮਾਂ ਵਿਚ ਕੀ ਸੀ ਅਤੇ ਉਹ ਕਿਉਂ ਦਿੱਤੇ ਗਏ ਸਨ? ਇਨ੍ਹਾਂ ਨਿਯਮਾਂ ਦਾ ਅੱਜ ਸਾਡੇ ਲਈ ਕੀ ਮਤਲਬ ਹੈ? ਆਓ ਇਨ੍ਹਾਂ ਸਵਾਲਾਂ ਤੇ ਵਿਚਾਰ ਕਰਦੇ ਹਾਂ।

## ਅਸ਼ੁੱਧਤਾ ਦੇ ਨਿਯਮਾਂ ਵਿਚ ਕੀ ਜ਼ਰੂਰੀ ਸੀ ?

ਬੇਸ਼ੱਕ ਅਸੀਂ ਇਨ੍ਹਾਂ ਸਾਰੇ ਨਿਯਮਾਂ ਨੂੰ ਇੱਕੋ ਪਾਠ ਵਿਚ ਵਿਸਤਾਰ ਨਾਲ ਨਹੀਂ ਦੱਸ ਸਕਦੇ। ਅਸੀਂ ਅਸ਼ੁੱਧਤਾ ਨਾਲ ਸਬੰਧਿਤ ਮਸੀਹ ਦੇ ਨਿਯਮਾਂ ਦੀ ਜਾਣ–ਪਛਾਣ ਜ਼ਰੂਰ ਦੇ ਸਕਦੇ ਹਾਂ।

ਅਧਿਆਇ 11 ਕੁਝ ਜਾਨਵਰਾਂ ਦੇ ਸ਼ੁੱਧ ਹੋਣ ਅਤੇ ਦੂਜਿਆਂ ਦੇ ਅਸ਼ੁਧ ਹੋਣ ਸਾਰੇ ਦੱਸਦਾ ਹੈ। ਸ਼ੁੱਧ ਜਾਨਵਰ ਉਹ ਸਨ ਜਿਨ੍ਹਾਂ ਦੇ ਖੁਰ ਪਾਟੇ ਹੋਏ ਅਤੇ ਜਿਹੜੇ ਜੁਗਾਲੀ ਕਰਦੇ ਸਨ, ਜਿਵੇਂ ਡੰਗਰ, ਭੇਡਾਂ ਅਤੇ ਬੱਕਰੀਆਂ। ਬਾਕੀ ਸਭ ਜਾਨਵਰ ਅਸ਼ੁੱਧ ਸਨ। ਉਦਾਹਰਣ ਲਈ, ਸੂਰ ਅਸ਼ੁੱਧ ਸਨ ਕਿਉਂ ਜੋ ਉਨ੍ਹਾਂ ਦੇ ਖੁਰ ਭਾਵੇਂ ਪਾਟੇ ਹੋਏ ਹਨ ਪਰ ਉਹ ਜੁਗਾਲੀ ਨਹੀਂ ਕਰਦੇ। ਸ਼ੁੱਧ ਅਤੇ ਅਸ਼ੁੱਧ ਮੱਛੀਆਂ ਵਿਚਕਾਰ ਵੀ ਫ਼ਰਕ ਕੀਤਾ ਗਿਆ ਸੀ। ਸ਼ੁੱਧ ਮੱਛੀਆਂ ਉਹ ਸਨ ਜਿਨ੍ਹਾਂ ਦੇ ਖੰਭ ਅਤੇ ਛਿਲਕੇ (ਚਾਨੇ) ਸਨ। ਬਾਕੀ ਦੇ ਸਾਰੇ ਸਮੁੰਦਰੀ ਜੀਵ ਅਸ਼ੁੱਧ ਸਨ। ਇਸ ਅਧਿਆਇ ਵਿਚ ਕੁਝ ਪੰਛੀਆਂ ਦੇ ਨਾਂਅ ਵੀ

ਦਿੱਤੇ ਗਏ ਜਿਹੜੇ ਅਸ਼ੁੱਧ ਸਨ! ਬਾਕੀ ਦੇ ਜਿਨ੍ਹਾਂ ਦਾ ਨਾਂਅ ਨਹੀਂ ਦਿੱਤਾ ਗਿਆ ਸ਼ੁੱਧ ਮੰਨ੍ਹੇ ਜਾਂਦੇ ਹੋਣਗੇ। ਇਸ ਤੋਂ ਇਲਾਵਾ ਸ਼ੁੱਧ ਅਤੇ ਅਸ਼ੁੱਧ ਕੀੜਿਆਂ ਵਿਚਕਾਰ ਫ਼ਰਕ ਕੀਤਾ ਗਿਆ। ਬਹੁਤੇ ਕੀੜੇ ਅਸ਼ੁੱਧ ਸਨ, ਪਰ ਕੁਝ ਸ਼ੁੱਧ ਸਨ ਅਤੇ ਉਨ੍ਹਾਂ ਨੂੰ ਖਾਧਾ ਜਾ ਸਕਦਾ ਸੀ। ਖ਼ਾਸ ਤੌਰ ਤੇ ਬਾਈਬਲ ਦੱਸਦੀ ਹੈ ਕਿ ''ਮਕੜੀ,'' ''ਰੋਡਾ ਮਕੜੀ,'' ''ਗਭਰੇਲਾ'' ਅਤੇ ''ਟਿੱਡੀ'' ਸ਼ੁੱਧ ਅਤੇ ਖਾਣ ਦੇ ਯੋਗ ਸਨ (11:21, 22)। ਇਸ ਤੋਂ ਇਲਾਵਾ ਬਾਈਬਲ ''ਘਿਸਰਣ ਵਾਲਿਆਂ'' (ਜਿਵੇਂ ''ਛਛੂੰਦਰ,'' ''ਚੂਹਾ,'' ''ਕੋੜ੍ਹ ਕਿਰਲਾ'' ਅਤੇ ''ਮਗਰਮੱਛ'') ਦੀ ਗੱਲ ਕਰਦੀ ਹੈ ਜਿਨ੍ਹਾਂ ਨੂੰ ਸਾਰਿਆਂ ਨੂੰ ਹੀ ਅਸ਼ੁੱਧ ਮੰਨਿਆ ਜਾਂਦਾ ਸੀ (11:29, 30)।

ਅਸ਼ੁੱਧ ਜੰਤੂਆਂ ਨੂੰ ਛੂਹਣਾ ਲੋਕਾਂ ਨੂੰ ਅਸ਼ੁੱਧ ਬਣਾ ਦਿੰਦਾ ਸੀ ਜਿਵੇਂ ਕਿ ਮਰੇ ਹੋਏ ਚੂਹੇ ਦੀ ਉਦਾਹਰਣ ਵਿਚ ਵਿਖਾਇਆ ਗਿਆ। ਪਰ ਇਸ ਵਚਨ ਵਿਚ ਮੁੱਖ ਗੱਲ ਇਹ ਹੈ ਕਿ ਪਰਮੇਸ਼ੁਰ ਦੇ ਲੋਕਾਂ ਨੇ ਉਨ੍ਹਾਂ ਜੰਤੂਆਂ ਵਿੱਚੋਂ ਜਿਹੜੇ ਅਸ਼ੁੱਧ ਸਨ, ਕੋਈ ਨਹੀਂ ਖਾਣਾ ਸੀ। ਉਨ੍ਹਾਂ ਨੇ ਸਿਰਫ਼ ਸ਼ੁੱਧ ਜੰਤੂ ਖਾਣੇ ਸਨ (11:46, 47)।

ਇਹ ਨਿਯਮ ਖਾਣ ਪੀਣ ਦੇ ਬੁਨਿਆਦੀ ਨਿਯਮ ਸਨ ਜਿਹੜੇ ਕਿ ਇਸਰਾਏਲ ਦੇ ਇਤਹਾਸ ਵਿਚ ਬੇਹੱਦ ਅਹਿਮ ਬਣ ਗਏ। ਉਸ ਦੇ ਬਾਅਦ ਤੋਂ, ਇਸਰਾਏਲੀਆਂ (ਯਹੂਦੀ ਲੋਕਾਂ) ਨੇ ਖਾਣ ਪੀਣ ਦੇ ਇਨ੍ਹਾਂ ਨਿਯਮਾਂ ਨੂੰ ਮੰਨਣ ਕਰਕੇ ਹੋਰਨਾਂ ਲੋਕਾਂ ਨਾਲੋਂ ਅੱਡ ਹੋ ਜਾਣਾ ਸੀ।

ਅਧਿਆਇ 12 ਜਣੇਪੇ ਨਾਲ ਸਬੰਧਿਤ ਹੈ। ਬੱਚੇ ਨੂੰ ਜਨਮ ਦੇਣ ਦੌਰਾਨ ਔਰਤ ਥੋੜ੍ਹੀ ਦੇਰ ਲਈ ਅਸ਼ੁੱਧ ਹੋ ਜਾਂਦੀ ਹੈ। ਜੇ ਉਹ ਬੱਚਾ ਮੁੰਡਾ ਹੁੰਦਾ ਤਾਂ ਸੱਤ ਦਿਨਾਂ ਤਕ, ਅਤੇ ਜੇ ਕੁੜੀ ਹੁੰਦੀ ਤਾਂ ਚੌਦਾਂ ਦਿਨਾਂ ਤਕ। ਫਿਰ ਉਹਨੇ ਸ਼ੁੱਧ ਮੰਨੇ ਜਾਣ ਤੋਂ ਪਹਿਲਾਂ ਇਕ ਹੋਰ ਸਮਾਂ ਉਡੀਕ ਕਰਨੀ ਹੁੰਦੀ ਸੀ, ਜਿਸ ਨੂੰ ''ਉਸ ਦੇ ਸ਼ੁੱਧ ਕੀਤੇ ਜਾਣ ਦੇ ਦਿਨ'' ਆਖਿਆ ਜਾਂਦਾ ਸੀ।

ਅਧਿਆਇ 13 ਅਤੇ 14 ਉਸ ਨਾਲ ਸਬੰਧਿਤ ਹੈ ਜਿਸ ਨੂੰ ''ਕੋੜ੍ਹ'' ਆਖਿਆ ਜਾਂਦਾ ਹੈ। ਸੰਭਵ ਹੈ ਕਿ ਇਨ੍ਹਾਂ ਅਧਆਇਆਂ ਵਿਚ ਜਿਸ ਰੋਗ ਜਾਂ ਰੋਗਾਂ ਦੀ ਗੱਲ ਕੀਤੀ ਗਈ ਹੈ ਉਹ ਉੱਥੋਂ ਤਕ ਸੀਮਿਤ ਨਹੀਂ ਸੀ ਜਿੱਥੋ ਤਕ ਅੱਜ ਅਸੀਂ ''ਕੋੜ੍ਹ'' ਦੇ ਰੂਪ ਵਿਚ ਜਾਣਦੇ ਹਾਂ, ਬਲਕਿ ਇਹ ਨਿਯਮ ਚਮੜੀ ਦੇ ਕਿਸੇ ਵੀ ਤਰ੍ਹਾਂ ਦੇ ਰੋਗ ਜਾਂ ਇੰਫ਼ੈਕਸ਼ਨ ਨਾਲ ਸਬੰਧਿਤ ਸਨ। ਇਹ ਸੰਕੇਤ ਦਿੰਦਿਆਂ ਕਿ ਚਮੜੀ ਦਾ ਕੋਈ ਵੀ ਰੋਗ ਆਦਮੀ ਨੂੰ ਅਸ਼ੁੱਧ ਬਣਾ ਦਿੰਦਾ ਸੀ, ਇਸ ਵਿਚ ਆਮ ਵਿਸ਼ੇ ਉੱਤੇ ਗੱਲ ਕੀਤੀ ਗਈ ਹੈ।

ਅਧਿਆਇ 13 ਦੱਸਦਾ ਹੈ ਕਿਸੇ ਨੂੰ ਚਮੜੀ ਦੇ ਰੋਗ ਦਾ ਕੋਈ ਵੀ ਦਾਗ ਮਿਲਣ ਤੇ ਉਸ ਨਾਲ ਕੀ–ਕੀ ਕੀਤਾ ਜਾਣਾ ਜ਼ਰੂਰੀ ਸੀ। ਉਹਨੂੰ ਯਾਜਕ ਕੋਲ ਲਿਆਂਦਾ ਜਾਣਾ ਜ਼ਰੂਰੀ ਸੀ ਅਤੇ ਉਸ ਤੋਂ ਬਾਅਦ ਯਾਜਕ ਦੀ ਜ਼ਿੰਮੇਵਾਰੀ ਸੀ ਕਿ ਉਹ ਦੱਸੇ ਕਿ ਉਹਨੂੰ ਇਹ ਤਕਲੀਫ਼ ਹੈ। ਯਾਜਕ ਨੂੰ ਉਸ ਦੀ ਪਛਾਣ ਵਿਚ ਅਗਵਾਈ ਕਰਨ ਲਈ ਵਿਸਤਾਰ ਸਹਿਤ ਨਿਰਦੇਸ਼ ਦਿੱਤੇ ਗਏ ਸਨ। ਆਮ ਤੌਰ ਤੇ ਯਾਜਕ ਇਹ ਫ਼ੈਸਲਾ ਦਿੰਦਾ ਸੀ ਕਿ ਕਿਸੇ ਦੀ ਚਮੜੀ ਉੱਤੇ ਕੋਈ ਦਾਗ ''ਕੋੜ੍ਹ'' ਹੈ ਜਾਂ ਨਹੀਂ। ਜੇ ਕੋੜ੍ਹ ਹੁੰਦਾ ਤਾਂ ਚਮੜੀ ਦੇ ਰੋਗ ਵਾਲੇ ਵਿਅਕਤੀ ਨੂੰ ਸੱਤ ਦਿਨਾਂ ਤਕ ਅੱਡ ਰੱਖਿਆ ਜਾਂਦਾ। ਉਹਦੇ ਬਾਅਦ ਉਹ ਯਾਜਕ ਕੋਲ ਵਾਪਸ ਆਉਂਦਾ ਅਤੇ ਯਾਜਕ ਫੇਰ ਤੋਂ ਉਸ ਦਾ ਮੁਆਇਨਾ ਕਰਦਾ। ਜੇ ਚਮੜੀ ਉੱਤੇ ਦਾਗ ਗਾਇਬ ਹੋ ਗਿਆ ਹੁੰਦਾ ਤਾਂ ਉਹ ਉਸ ਦੇ ਸ਼ੁੱਧ ਹੋਣ ਦਾ ਐਲਾਨ ਕਰਦਾ। ਜੇ ਨਾ ਹੁੰਦਾ, ਅਤੇ ਇਹ ਰੋਗ ਫੈਲ ਕੇ ਵਧ ਗਿਆ ਹੁੰਦਾ ਤਾਂ ਉਹਨੂੰ ਡੇਰੇ ਤੋਂ ਬਾਹਰ ਰਹਿਣ ਲਈ ਆਖਿਆ ਜਾਂਦਾ। ਸ਼ਰ੍ਹਾ ਵਿਚ ਕਿਹਾ ਗਿਆ ਸੀ:

> ਅਤੇ ਉਹ ਕੋਹੜੀ ਜਿਸ ਨੂੰ ਰੋਗ ਲੱਗਾ ਹੋਵੇ ਓਸ ਦੇ ਲੀੜੇ ਪਾੜੇ ਜਾਣ ਅਤੇ ਉਸ ਦਾ ਸਿਰ ਨੰਗਾ ਹੋਵੇ ਅਤੇ ਆਪਣੇ ਉਤਲੇ ਹੋਠ ਉੱਤੇ ਕੁਝ ਕੱਜ ਕੇ ਏਹ ਹਾਕਾਂ ਮਾਰੇ, ''ਅਸ਼ੁੱਧ! ਅਸ਼ੁੱਧ!''

ਜਿੰਨੇ ਦਿਨ ਉਹ ਰੋਗ ਉਸ ਦੇ ਵਿੱਚ ਰਹੇ ਉਹ ਭ੍ਰਿਸ਼ਟ ਰਹੇ, ਉਹ ਅਸ਼ੁੱਧ ਹੈ, ਉਹ ਇਕੱਲਾ ਵਸੇ, ਉਸ ਦਾ ਵਸੇਬਾ ਡੇਰੇ ਤੋਂ ਬਾਹਰ ਹੋਵੇ (13:45, 46)।

ਇਨ੍ਹਾਂ ਦੋ ਅਧਿਆਇਆਂ ਵਿਚ ਉਨ੍ਹਾਂ ਕੱਪੜਿਆਂ ਬਾਰੇ ਵੀ ਹਦਾਇਤਾਂ ਹਨ ਜਿਨ੍ਹਾਂ ਉੱਤੇ ''ਕੋੜ੍ਹ ਦਾ ਨਿਸ਼ਾਨ'' ਹੁੰਦਾ ਸੀ। ਜੇ ਕੱਪੜੇ ਉੱਤੇ ਕੋਈ ਅਜਿਹਾ ਦਾਗ ਹੁੰਦਾ ਤਾਂ ਇਸ ਨੂੰ ਸੱਤ ਦਿਨਾਂ ਤਕ ਅੱਡ ਰੱਖਿਆ ਜਾਂਦਾ। ਉਸ ਤੋਂ ਬਾਅਦ ਜੇ ਉਹ ਦਾਗ ਉਵੇਂ ਹੀ ਰਹਿੰਦਾ ਜਾਂ ਫੈਲ ਗਿਆ ਹੁੰਦਾ ਤਾਂ ਕੱਪੜੇ ਨੂੰ ਸਾੜ ਦਿੱਤਾ ਜਾਂਦਾ। ਇਹੀ ਨਿਯਮ ਉਸ ਮਕਾਨ ਲਈ ਸਨ ਜਿਸ ਉੱਤੇ ''ਕੋੜ੍ਹ ਦਾ ਦਾਗ'' ਮਿਲਿਆ ਹੋਵੇ। ਮਕਾਨ ਨਾਲ ਸਬੰਧਿਤ ਨਿਯਮ ਵੀ ਹਨ ਜਿਸ ਉੱਤੇ ''ਕੋੜ੍ਹ ਦਾ ਦਾਗ'' ਹੋਵੇ ਜੋ ਕਿ ਕਿਸੇ ਤਰ੍ਹਾਂ ਦੀ ਉੱਲੀ ਜਾਂ ਫਫੂੰਦੀ ਨਾਲ ਦੂਸ਼ਿਤ ਹੋਇਆ ਮਕਾਨ ਹੁੰਦਾ ਹੋਵੇਗਾ। ਮਕਾਨ ਨੂੰ ਅੱਡ ਕਰ ਦਿੱਤਾ ਜਾਂਦਾ ਸੀ; ਉੱਥੋਂ ਜਿੱਥੋਂ ''ਕੋੜ੍ਹ'' ਮਿਲਿਆ ਹੋਵੇ ਪੱਥਰ ਹਟਾ ਕੇ ਨਵੇਂ ਲਾ ਦਿੱਤੇ ਜਾਂਦੇ ਸਨ। ਜੇ ਕਿਸੇ ਤਰ੍ਹਾਂ ਨਾਲ ਮੁਸ਼ਕਿਲ ਦਾ ਹੱਲ ਨਾ ਹੁੰਦਾ ਹੋਵੇ ਤਾਂ ਮਕਾਨ ਨੂੰ ਅਸ਼ੁੱਧ ਐਲਾਨ ਕਰਕੇ ਉਹਨੂੰ ਢਾਹ ਦਿੱਤਾ ਜਾਂਦਾ ਸੀ।

ਅਧਿਆਇ 15 ਵਿਚ ਪੁਰਖਾਂ ਅਤੇ ਇਸਤਰੀਆਂ ਦੇ ਦੋਹਾਂ ਦੇ ਸਰੀਰ ਵਿੱਚੋਂ ਧਾਤ ਵਗਣ ਦੇ ਸਬੰਧ ਵਿਚ ਹਦਾਇਤਾਂ ਹਨ। ਅਜਿਹੇ ਧਾਤ ਵਗਣ ਨਾਲ ਲੋਕ ਅਸ਼ੁੱਧ ਹੋ ਜਾਂਦੇ ਅਤੇ ਉਨ੍ਹਾਂ ਦੇ ਸਰੀਰ ਨਾਲ ਲੱਗੀ ਚੀਜ਼ ਕੋਈ ਵੀ ਅਸ਼ੁੱਧ ਹੋ ਜਾਂਦੀ ਸੀ।

ਸੰਖੇਪ ਵਿਚ ਅਸ਼ੁੱਧ ਆਦਮੀ ਦੀ ਥੋੜ੍ਹੀ ਦੇਰ ਦੀ ਅਤੇ ਫ਼ਾਇਦੇਮੰਦ ਹਾਲਤ ਸੀ। ਇਨ੍ਹਾਂ ਪੰਜਾਂ ਅਧਿਆਇਆਂ ਦੀ ਸੰਖੇਪ ਜਾਣਕਾਰੀ ਨਾਲ ਸਾਨੂੰ ''ਅਸ਼ੁੱਧ'' ਹੋਣ ਦੀ ਅਹਿਮੀਅਤ ਪਤਾ ਲੱਗ ਗਈ ਹੋਣੀ ਚਾਹੀਦੀ ਹੈ। ਕੁਝ ਜਾਨਵਰ, ਕੁਝ ਮੱਛੀਆਂ, ਕੁਝ ਪੰਛੀ, ਕੁਝ ਕੀੜੇ ਅਤੇ ''ਘਿਸਰਣ ਵਾਲੀਆਂ ਚੀਜ਼ਾਂ'' ਅਸ਼ੁੱਧ ਹਨ। ਔਰਤਾਂ ਬੱਚਾ ਜਣਨ ਦੌਰਾਨ ਅਸ਼ੁੱਧ ਹੋ ਜਾਂਦੀਆਂ ਸਨ। ਚਮੜੀ ਦੇ ਰੋਗ ਜਾਂ ਇੰਫ਼ੈਕਸ਼ਨ ਨਾਲ ਲੋਗ ਅਸ਼ੁੱਧ ਹੋ ਜਾਂਦੇ ਸਨ। ਚਮੜੀ ਦਾ ਰੋਗ ਲੱਗਣ ਵਾਲੀ ਕਿਸੇ ਚੀਜ਼ ਨਾਲ ਪ੍ਰਭਾਵਿਤ ਹੋਏ ਕੱਪੜੇ ਅਸ਼ੁੱਧ ਮੰਨੇ ਜਾਂਦੇ ਸਨ ਅਤੇ ਮਕਾਨ ਅਸ਼ੁੱਧ ਹੋ ਸਕਦੇ ਸਨ। ਧਾਤ ਵਾਲੇ ਆਦਮੀ ਅਤੇ ਔਰਤਾਂ ਅਸ਼ੁੱਧ ਹੁੰਦੇ ਸਨ।

## ਅਸ਼ੁੱਧਤਾ ਦੇ ਲੱਛਣ ਕੀ ਸਨ ?

1. ਅਸ਼ੁੱਧਤਾ ਦਾ ਇਕ ਖ਼ਾਸ ਲੱਛਣ ਇਹ ਹੈ ਕਿ ਲਾਗ ਵਾਲੀ ਬੀਮਾਰੀ ਵਾਂਗ ਬਹੁਤਾ ਕਰਕੇ ਇਹ ''ਛੂਤਕ ਵਾਲੀ'' ਸੀ। ਸ਼ੁੱਧਤਾ ਛੂਤ ਵਾਲੀ ਨਹੀਂ ਸੀ ਪਰ ਅਸ਼ੁੱਧਤਾ ਹੈ ਸੀ। ਜੇ ਕੋਈ ਤੰਦਰੁਸਤ ਕਿਸੇ ਬੀਮਾਰ ਆਦਮੀ ਨੂੰ ਮਿਲਣ ਚਲਿਆ ਜਾਵੇ ਤਾਂ ਉਸ ਦਾ ਸਿਹਤਮੰਦ ਹੋਣਾ ਬੀਮਾਰ ਆਦਮੀ ਨੂੰ ਤੰਦਰੁਸਤ ਨਹੀਂ ਬਣਾਵੇਗਾ। ਪਰ ਜੇ ਕੋਈ ਛੂਤ ਦੇ ਰੋਗ ਵਾਲਾ ਵਿਅਕਤੀ ਕਿਸੇ ਤੰਦਰੁਸਤ ਨੂੰ ਮਿਲਣ ਚਲਿਆ ਜਾਵੇ ਤਾਂ ਉਹ ਉਹਨੂੰ ਆਪਣੀ ਬੀਮਾਰੀ ਲਾ ਸਕਦਾ ਹੈ। ਜਿਵੇਂ ਕਿਟਾਣੂ ਦੂਜੇ ਲੋਕਾਂ ਤਕ ਫੈਲਦੇ ਹਨ ਉਵੇਂ ਹੀ ਅਸ਼ੁੱਧ ਮਰਿਆ ਹੋਇਆ ਜਾਨਵਰ ਉਸ ਦੇ ਨਾਲ ਲਗਣ ਵਾਲੇ ਹਰ ਵਿਅਕਤੀ ਜਾਂ ਵਸਤੂ ਨੂੰ ਅਸ਼ੁੱਧ ਕਰ ਦਿੰਦਾ ਸੀ। ਸਰੀਰ ਵਿੱਚੋਂ ਅਸ਼ੁੱਧ ਰਿਸਾਵ ਨਾਲ ਹਰ ਚੀਜ਼ ਜਿਸਦੇ ਨਾਲ ਇਹ ਲਗਦਾ ਅਸ਼ੁੱਧ ਹੋ ਜਾਂਦੀ ਅਤੇ ਜਿਸ ਦੇ ਵੀ ਇਹ ਸੰਪਰਕ ਵਿਚ ਆਇਆ ਹੁੰਦਾ ਉਹ ਵੀ ਅਸ਼ੁੱਧ ਹੋ ਜਾਂਦਾ ਸੀ।

2. ਜੰਤੂਆਂ ਦੀਆਂ ਕੁਝ ਸ਼ਰੇਣੀਆਂ ਅਸ਼ੁੱਧ ਸਨ, ਪਰ ਮਨੁੱਖਾਂ ਦਾ ਕੋਈ ਵੀ ਸਮੂਹ ਸਪੱਸ਼ਟ ਰੂਪ ਵਿਚ ਅਸ਼ੁੱਧ ਨਹੀਂ ਸੀ। ਇਕ ਸਮਾਂ ਸੀ ਜਦੋਂ ਭਾਰਤ ਵਿਚ ਲੋਕਾਂ ਦਾ ਇਕ ਵਰਗ ਪਾਇਆ ਜਾਂਦਾ ਸੀ ਜਿਸ ਨੂੰ ''ਪਰਿਆ'' ਜਾਂ ''ਅਛੂਤ'' ਕਿਹਾ ਜਾਂਦਾ ਸੀ। ਉਨ੍ਹਾਂ ਦੀ ਕੋਈ ਜਾਤੀ ਨਹੀਂ ਹੁੰਦੀ ਸੀ ਅਤੇ ਉਨ੍ਹਾਂ ਨੂੰ ਸਮਾਜ ਦੇ ਹਰ ਵਰਗ ਵੱਲੋਂ ਪਰ੍ਹੇ ਰੱਖਿਆ ਜਾਂਦਾ ਸੀ। ਬਾਈਬਲ ਦੀ ਸ਼ਬਦਾਵਲੀ ਦੀ

ਵਰਤੋਂ ਕਰਦਿਆਂ ਅਸੀਂ ਉਨ੍ਹਾਂ ਨੂੰ ''ਅਸ਼ੁੱਧ'' ਆਖ ਸਕਦੇ ਹਾਂ। ਮੂਸਾ ਦੀ ਸ਼ਰ੍ਹਾ ਦੇ ਤਹਿਤ ਮਨੁੱਖਾਂ ਦਾ ਅਜਿਹਾ ਕੋਈ ਵਰਗ ਨਹੀਂ ਸੀ। ਬੇਵਿਸ਼ਵਾਸੇ ਗੈਰ ਕੌਮਾਂ ਨਾਲ ਵਿਆਹ ਕਰਨ ਦੀ ਮਨਾਹੀ ਤਾਂ ਹੈ ਸੀ ਪਰ ਗੈਰ ਕੌਮਾਂ ਨਾਲ ਮੇਲ ਜੋਲ ਰੱਖਣ ਦੀ ਮਨਾਹੀ ਨਹੀਂ ਸੀ। ਯਿਸੂ ਦੇ ਸਮੇਂ ਦੇ ਕੁਝ ਯਹੂਦੀਆਂ ਨੇ ਸ਼ਰ੍ਹਾ ਨੂੰ ਗ਼ਲਤ ਸਮਝ ਕੇ ਇਹ ਮੰਨ ਲਿਆ ਕਿ ਇਹ ਗੈਰ ਕੌਮਾਂ ਨਾਲ ਸੰਪਰਕ ਦੀ ਮਨਾਹੀ ਕਰਦੀ ਹੈ ਕਿਉਂਜੋ ਇਕ ਅਰਥ ਵਿਚ ਉਹ ਅਸ਼ੁੱਧ ਸਨ (ਵੇਖੋ ਰਸੂਲਾਂ ਦੇ ਕਰਤੱਬ 10:28); ਪਰ ਮੂਸਾ ਦੀ ਸ਼ਰ੍ਹਾ ਵਿਚ ਇਸ ਵਿਚਾਰ ਦੀ ਸਿੱਖਿਆ ਨਹੀਂ ਦਿੱਤੀ ਗਈ।

3. ਅਸ਼ੁੱਧਤਾ ਪਾਪ ਨਹੀਂ ਸੀ ਬਲਕਿ ਇਹ ਰਸਮੀ ਖੋਟ ਸੀ। ਪੁਰਾਣਾ ਨੇਮ ਅਸ਼ੁੱਧ ਹੋਣ ਨੂੰ ਪਾਪੀ ਹੋਣ ਦੇ ਬਰਾਬਰ ਨਹੀਂ ਰੱਖਦਾ। ਇਸਰਾਏਲੀ ਔਰਤ ਨੂੰ ਜਿਸ ਨੇ ਬੱਚਾ ਜਣਿਆ ਹੋਵੇ ਅਸ਼ੁੱਧ ਮੰਨਿਆ ਜਾਂਦਾ ਸੀ ਪਰ ਬੱਚਾ ਜਣਨ ਵਿਚ ਕੁਝ ਵੀ ਪਾਪ ਨਹੀਂ ਸੀ। ਇਹ ਨਿਯਮ ਨੈਤਿਕ ਅਤੇ ਇਖ਼ਲਾਕੀ ਸ਼ੁੱਧਤਾ ਸਬੰਧੀ ਸਨ ਭਾਵ ਉਹ ਰਸਮੀ ਜਾਂ ਧਾਰਮਿਕ ਸ਼ੁੱਧਤਾ ਦੇ ਨਿਯਮ ਸਨ।

ਇਨ੍ਹਾਂ ਨਿਯਮਾਂ ਨੂੰ ਜਿਹੜੇ ਸ਼ੁੱਧਤਾ ਜਾਂ ਅਸ਼ੁੱਧਤਾ ਨਾਲ ਸਬੰਧਿਤ ਸਨ ਕਿਸੇ ਕਲੱਬ ਦੇ ਸੰਗਠਨ ਦੇ ਨਿਯਮਾਂ ਨਾਲ ਮਿਲਾਇਆ ਜਾ ਸਕਦਾ ਹੈ। ਅਜਿਹੇ ਸੰਗਠਨ ਦੇ ਆਪਣੇ ਮੈਂਬਰਾਂ ਵੱਲੋਂ ਉਨ੍ਹਾਂ ਦੀਆਂ ਮੀਟਿੰਗਾਂ ਦੌਰਾਨ ਮੰਨੇ ਜਾਣ ਲਈ ਆਮ ਨਿਯਮ ਹੁੰਦੇ ਹਨ। ਉਨ੍ਹਾਂ ਨੇ ਮੀਟਿੰਗਾਂ ਲਈ ਖ਼ਾਸ ਤਰ੍ਹਾਂ ਦੀ ਟੋਪੀ ਜਾਂ ਯੂਨੀਫ਼ਾਰਮ ਪਾਈ ਹੋ ਸਕਦੀ ਹੈ, ਇਕ ਦੂਜੇ ਨਾਲ ਸਲਾਮ ਦੁਆ ਕਰਨ ਦਾ ਖ਼ਾਸ ਅਦਾਜ਼ ਜਾਂ ਦੂਜੇ ਮੈਂਬਰਾਂ ਨਾਲ ਖ਼ਾਸ ਤਰ੍ਹਾਂ ਨਾਲ ਮੁਲਾਕਾਤ ਦਾ ਤਰੀਕਾ ਹੋ ਸਕਦਾ ਹੈ। ਉਨ੍ਹਾਂ ਰਸਮੀ ਰੀਤਾਂ ਨੂੰ ਨਾ ਮੰਨਣਾ ਪਾਪ ਨਹੀਂ ਹੋਣਾ ਸੀ ਪਰ ਇਸ ਦੇ ਨਤੀਜੇ ਭੁਗਤਣੇ ਪੈ ਸਕਦੇ ਸਨ। ਉਦਾਹਰਣ ਲਈ ਨਿਯਮ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਖ਼ਾਸ ਠਹਿਰਾਈ ਹੋਈ ਥਾਂ ਤੇ ਬੈਠਣਾ ਪੈ ਸਕਦਾ ਸੀ। ਇਕ ਅਰਥ ਵਿਚ ਸੰਗਠਨ ਦੀਆਂ ਰੀਤਾਂ ਨੂੰ ਤੋੜਨ ਲਈ ਉਸ ਵਿਅਕਤੀ ਨੂੰ ''ਅਸ਼ੁੱਧ'' ਮੰਨਿਆ ਜਾਣਾ ਸੀ, ਪਰ ਉਹਨੇ ਕੋਈ ਨੈਤਿਕ ਜਾਂ ਇਖ਼ਲਾਕੀ ਨਿਯਮ ਨਹੀਂ ਤੋੜਿਆ ਹੋਣਾ ਸੀ।

ਇਸੇ ਤਰ੍ਹਾਂ ਨਾਲ ਪੁਰਾਣੇ ਨੇਮ ਦੇ ਤਹਿਤ ਰਹਿਣ ਵਾਲਾ ਵਿਅਕਤੀ ਬਿਨਾਂ ਕਿਸੇ ਨੈਤਿਕ ਜਾਂ ਇਖ਼ਲਾਕੀ ਗ਼ਲਤੀ ਕਰਨ ਦੇ ਅਸ਼ੁੱਧ ਹੋ ਸਕਦਾ ਸੀ। ਹੋ ਸਕਦਾ ਸੀ ਕਿ ਇਸ ਵਿਚ ਉਹਨੇ ਕੋਈ ਗ਼ਲਤੀ ਨਾ ਕੀਤੀ ਹੋਵੇ। ਇਸ ਕਰਕੇ ਕਿਸੇ ਨੂੰ ਪਾਪੀ ਹੋਏ ਬਗ਼ੈਰ ਅਸ਼ੁੱਧ ਮੰਨਿਆ ਜਾ ਸਕਦਾ ਸੀ।

4. ਸ਼ਰ੍ਹਾ ਵਿਚ ਅਸ਼ੁੱਧਤਾ ਦਾ ਹੱਲ ਦਿੱਤਾ ਗਿਆ। ਸ਼ਰ੍ਹਾ ਵਿਚ ਦੱਸਿਆ ਗਿਆ ਕਿ ਉਸ ਵਿਅਕਤੀ ਵੱਲੋਂ ਜਿਹੜਾ ਅਸ਼ੁੱਧ ਹੋ ਗਿਆ ਹੋਵੇ ਕੀ ਕੀਤਾ ਜਾਣਾ ਜ਼ਰੂਰੀ ਸੀ। ਉਨ੍ਹਾਂ ਲਈ ਜਿਹੜੇ ਅਸ਼ੁੱਧ ਹੋ ਗਏ ਸਨ ਫੇਰ ਤੋਂ ਸ਼ੁੱਧ ਹੋਣ ਦੇ ਇੰਤਜ਼ਾਮ ਸਨ। ਆਮ ਤੌਰ ਤੇ ਸ਼ੁੱਧ ਹੋਣ ਲਈ ਸਮਾਂ ਬੀਤਣਾ ਜ਼ਰੂਰੀ ਹੁੰਦਾ ਸੀ। ਛੋਟੇ-ਮੋਟੇ ਮਾਮਲਿਆਂ ਵਿਚ ''ਸ਼ਾਮ ਤਕ'' ਭਾਵ ਬਾਕੀ ਦੇ ਦਿਨ ਲਈ ਅਸ਼ੁੱਧ ਮੰਨਿਆ ਜਾਂਦਾ ਸੀ। ਵੱਡੇ ਮਾਮਲਿਆਂ ਵਿਚ, ਸੱਤ ਜਾਂ ਚੌਦਾਂ ਦਿਨਾਂ ਤਕ ਅਸ਼ੁੱਧ ਰਿਹਾ ਜਾਂਦਾ ਸੀ। ਨਿੱਜੀ ਅਸ਼ੁੱਧਤਾ ਦੇ ਮਾਮਲੇ ਵਿਚ ਫੇਰ ਤੋਂ ਸ਼ੁੱਧ ਹੋਣ ਲਈ ਆਪਣੇ ਆਪ ਨੂੰ ਧੋਣਾ ਅਤੇ ਕਈ ਵਾਰ ਆਪਣੇ ਕੱਪੜੇ ਧੋਣਾ ਜ਼ਰੂਰੀ ਹੁੰਦਾ ਸੀ। ਇਸ ਤੋਂ ਇਲਾਵਾ ਸ਼ੁੱਧ ਮੰਨੇ ਜਾਣ ਲਈ ਡੇਰੇ ਦੀ ਵੇਦੀ ਤੇ ਕੁਰਬਾਨੀ ਦਿੱਤੀ ਜਾਣੀ ਜ਼ਰੂਰੀ ਹੁੰਦੀ ਸੀ। ਇਸ ਵਿਚ ਯਾਜਕ ਸ਼ਾਮਿਲ ਹੁੰਦਾ ਸੀ ਜਿਹੜਾ ਭੇਟਾਂ ਨੂੰ ਲੈ ਕੇ ਕੁਰਬਾਨੀਆਂ ਦਿੰਦਾ ਸੀ। ਕਈ ਵਾਰ ਉਸ ਵਿਅਕਤੀ ਦੇ ਦੁਬਾਰਾ ਤੋਂ ਸ਼ੁੱਧ ਮੰਨੇ ਜਾਣ ਤੋਂ ਪਹਿਲਾਂ ਅਧਿਕਾਰਿਕ ਐਲਾਨ ਕਰਨਾ ਜ਼ਰੂਰੀ ਹੁੰਦਾ ਸੀ।

5. ਅਸ਼ੁੱਧਤਾ ਪਾਪ ਦਾ ਕਾਰਣ ਬਣ ਸਕਦੀ ਸੀ। ਭਾਂਵੇਂ ਅਸ਼ੁੱਧ ਹੋਣਾ ਪਾਪ ਨਹੀਂ ਸੀ, ਪਰ ਇਹ ਦੋ ਤਰ੍ਹਾਂ ਨਾਲ ਪਾਪ ਕਰਨ ਦਾ ਮੌਕਾ ਬਣ ਸਕਦੀ ਸੀ। ਪਹਿਲਾ, ਇਹ ਕਿ ਅਸ਼ੁੱਧ ਹੋਣ ਵਾਲਾ ਵਿਅਕਤੀ ਉਸ ਦੇ ਸੰਪਰਕ ਵਿਚ ਨਹੀਂ ਆਉਣਾ ਜੀ ਜਿਹੜਾ ਪਵਿੱਤਰ ਸੀ। ਦੂਜਾ, ਉਦਾਹਰਣ ਲਈ ਜੇ ਉਹ ਅਸ਼ੁੱਧ ਹੋਣ ਦੌਰਾਨ ਡੇਰੇ ਦੇ ਅਹਾਤੇ ਦੇ ਅੰਦਰ ਵੜ ਜਾਂਦਾ ਤਾਂ ਇਹ ਪਾਪ ਸੀ ਅਤੇ ਉਹਨੂੰ ਇਸ ਦੀ ਸਜ਼ਾ ਮਿਲਣੀ ਸੀ। ਤੀਜਾ, ਜੇ ਕੋਈ ਅਸ਼ੁੱਧ ਵਿਅਕਤੀ ਸ਼ੁੱਧ ਹੋਣ ਲਈ ਪਰਮੇਸ਼ੁਰ ਦੀਆਂ

ਹਦਾਇਤਾਂ ਨੂੰ ਮੰਨਣ ਤੋਂ ਜਾਣ–ਬੁੱਝ ਕੇ ਇਨਕਾਰ ਕਰ ਦਿੰਦਾ ਤਾਂ ਇਹ ਪਾਪ ਸੀ। ਉਹਨੂੰ ਵੀ, ਸ਼ਰ੍ਹਾ ਵੱਲੋਂ ਠਹਿਰਾਈ ਗਈ ਸਜ਼ਾ ਮਿਲਣੀ ਸੀ।

## ਅਸ਼ੁੱਧਤਾ ਦੇ ਪਰਮੇਸ਼ੁਰ ਦੇ ਨਿਯਮਾਂ ਦੇ ਕਾਰਣ ਕੀ ਸਨ ?

ਪਰਮੇਸ਼ੁਰ ਦੀ ਨਜ਼ਰ ਵਿਚ ''ਅਸ਼ੁੱਧਤਾ'' ਨਾਲ ਪਰਮੇਸ਼ੁਰ ਦੀਆਂ ਪਵਿੱਤਰ ਚੀਜ਼ਾਂ ਦੀ ਬੇਅਦਬੀ ਹੋਣੀ ਸੀ। ਇਸ ਕਰਕੇ ਉਸਨੇ ਉਨ੍ਹਾਂ ਪਵਿੱਤਰ ਚੀਜ਼ਾਂ ਦੀ ਬੇਅਦਬੀ ਨੂੰ ਰੋਕਣ ਲਈ ਨਿਯਮ ਦੇ ਦਿੱਤੇ। ਲੇਵੀਆਂ 15:31, ''ਏਸੇ ਤਰਾਂ ਤੁਸਾਂ ਇਸਰਾਏਲੀਆਂ ਨੂੰ ਆਪਣੀ ਅਸ਼ੁੱਧਤਾਈ ਤੋਂ ਵੱਖਰਾ ਕਰਨਾ ਜੋ ਉਹ ਆਪਣੀ ਅਸ਼ੁੱਧਤਾਈ ਵਿੱਚ ਜੋ ਉਨ੍ਹਾਂ ਦੇ ਵਿਚਕਾਰ ਹੈ ਮੇਰੇ ਡੇਹਰੇ ਦੇ ਭ੍ਰਿਸ਼ਟ ਕਰਨ ਵਿੱਚ ਨਾ ਮਰਨ।'' ਅਸ਼ੁੱਧਤਾ ਨਾਲ ਸਬੰਧਿਤ ਨਿਅਮ ਉਨ੍ਹਾਂ ਦੀ ਰੱਖਿਆ ਕਰਦੇ ਸਨ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪਵਿੱਤਰ ਡੇਰੇ ਦੇ ਸੰਪਰਕ ਵਿਚ ਆਉਣ ਤੇ ਮਾਰੇ ਜਾਣ ਤੋਂ ਬਚਾਉਂਦੇ ਸਨ।

ਯਕੀਨਨ ਇਹ ਨਿਯਮ ਇਸਰਾਏਲੀਆਂ ਦੀ ਸਿਹਤ ਅਤੇ ਤੰਦਰੁਸਤੀ ਲਈ ਵੀ ਯੋਗਦਾਨ ਦਿੰਦੇ ਸਨ (ਕੂਚ 15:26; ਬਿਵਸਥਾ ਸਾਰ 7:15)। ਦੱਸੇ ਗਏ ਅਸ਼ੁੱਧ ਜੀਵ ਜੰਤੂਆਂ ਨੂੰ ਖਾਣ ਦੀ ਬਜਾਇ ਸ਼ੁੱਧ ਜਾਨਵਰਾਂ ਅਤੇ ਮੱਛੀਆਂ ਅਤੇ ਪੰਛੀਆਂ ਨੂੰ ਖਾਣਾ ਇਸਰਾਏਲੀਆਂ ਲਈ ਸਿਹਤਮੰਦ ਹੁੰਦਾ ਹੋਵੇਗਾ। ਇਨ੍ਹਾਂ ਨਿਯਮਾਂ ਵਿਚ ਅਸੀਂ ਧੋਤੇ ਜਾਣ ਉੱਤੇ ਜ਼ੋਰ ਦਿੱਤੇ ਜਾਣ ਨੂੰ ਵੇਖਦੇ ਹਾਂ ਜਿਸ ਨਾਲ ਬਿਨਾਂ ਸ਼ੱਕ ਸਿਹਤਮੰਦ ਮਹੌਲ ਬਨਾਉਣ ਵਿਚ ਮਦਦ ਮਿਲਦੀ ਹੋਵੇਗੀ। ਇਸੇ ਤਰ੍ਹਾਂ ਨਾਲ ਉਨ੍ਹਾਂ (ਚੀਜ਼ਾਂ) ਨਾਲੋਂ ਜਿਹੜੇ ਰੋਗੀ ਹੋਣ ਅੱਡ ਰਹਿਣ ਨਾਲ ਸਿਹਤ ਦੇ ਫ਼ਾਇਦੇ ਸਾਫ਼ ਮਿਲਦੇ ਹਨ। ਸਿਹਤ ਦੇ ਫ਼ਾਇਦਿਆਂ ਵਾਲੇ ਕਈ ਨਿਯਮ ਦਿੱਤੇ ਗਏ ਹਨ। ਅਸੀਂ ਇਹ ਮੰਨ ਸਕਦੇ ਹਾਂ ਕਿ ਇਤਹਾਸ ਵਿਚ ਪਰਮੇਸ਼ੁਰ ਨੇ ਆਪਣੇ ਲੋਕਾਂ ਤੋਂ ਜੋ ਵੀ ਕਰਵਾਉਣਾ ਚਾਹਿਆ ਉਹ ਉਨ੍ਹਾਂ ਦੇ ਭਲੇ ਲਈ ਹੀ ਸੀ।

ਇਹ ਹੋ ਸਕਦਾ ਹੈ ਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਹੋਰਨਾਂ ਲੋਕਾਂ ਨਾਲੋਂ ਫ਼ਰਕ ਕਰਨ ਵਿਚ ਮਦਦ ਕਰਨ ਲਈ ਅਸ਼ੁੱਧਤਾ ਸਬੰਧੀ ਇਹ ਨਿਯਮ ਦਿੱਤੇ। ਬਾਅਦ ਦੇ ਸਾਲਾਂ ਵਿਚ ਅਜਿਹੇ ਨਿਯਮਾਂ (ਖ਼ਾਸ ਤੌਰ ਤੇ ਭੋਜਨ ਦੇ ਨਿਯਮਾਂ) ਨੂੰ ਮੰਨੇ ਜਾਣ ਨਾਲ ਇਸਰਾਏਲੀ ਦੂਜੇ ਲੋਕਾਂ ਲਈ ''ਖ਼ਾਸ ਲੋਕਾਂ''[12] ਵਰਗੇ ਬਣ ਗਏ। ਇਸ ਤੋਂ ਇਲਾਵਾ ਸੈਕਸ ਅਤੇ ਮੌਤ ਸਬੰਧੀ ਨਿਯਮ ਵਰਗੇ ਇਨ੍ਹਾਂ ਨਿਯਮਾਂ ਨੂੰ ਮੰਨਣ ਨਾਲ ਉਨ੍ਹਾਂ ਲਈ ਮੂਰਤੀਆਂ ਦੀ ਪੂਜਾ ਕਰਨ ਵਾਲਿਆਂ ਦੇ ਪਾਪ ਭਰੇ ਕੁਝ ਪਹਿਲੂਆਂ ਵਿਚ ਹਿੱਸਾ ਲੈਣਾ ਅਸੰਭਵ ਹੋ ਗਿਆ ਹੋਵੇਗਾ, ਜਿਸ ਵਿਚ ਉਹ ਲੋਕ ਲੱਗੇ ਹੁੰਦੇ ਹੋਣਗੇ ਜਿਨ੍ਹਾਂ ਵਿਚਕਾਰ ਉਹ ਰਹਿੰਦੇ ਸਨ।[13]

ਸਾਨੂੰ ਅਸ਼ੁੱਧਤਾ ਦੇ ਪਰਮੇਸ਼ੁਰ ਵੱਲੋਂ ਦਿੱਤੇ ਸਾਰੇ ਕਾਰਣਾਂ ਦਾ ਤਾਂ ਪਤਾ ਨਹੀਂ ਹੈ ਪਰ ਅਸੀਂ ਐਨਾ ਜਾਣਦੇ ਸਾਂ ਕਿ ਜੇ ਉਹਨੇ ਇਹ ਨਿਯਮ ਦਿੱਤੇ ਤਾਂ ਇਸਰਾਏਲੀਆਂ ਲਈ ਉਨ੍ਹਾਂ ਨੂੰ ਮੰਨਣਾ ਜ਼ਰੂਰੀ ਸੀ। ਜੇ ਸਾਨੂੰ ਪੂਰੀ ਸਮਝ ਆ ਵੀ ਜਾਵੇ ਕਿ ਖ਼ੁਦਾ ਨੇ ਇਸਰਾਏਲੀਆਂ ਨੂੰ ਸ਼ੁੱਧਤਾ ਅਤੇ ਅਸ਼ੁੱਧਤਾ ਸਬੰਧੀ ਨਿਯਮ ਕਿਉਂ ਦਿੱਤੇ ਤਦ ਵੀ ਅੱਜ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਦੇ ਸਬੰਧ ਵਿਚ ਸਾਡਾ ਸਵਾਲ ਉੱਠਣਾ ਬਣਿਆ ਰਹੇਗਾ।

## ਅਸ਼ੁੱਧਤਾ ਦੇ ਨਿਯਮ ਅੱਜ ਸਾਡੇ ਉੱਤੇ ਕਿਵੇਂ ਲਾਗੂ ਹੁੰਦੇ ਹਨ ?

ਪੁਰਾਣਾ ਨੇਮ ਪੜ੍ਹਨ ਤੇ ਸਾਨੂੰ ਇਹ ਸਵਾਲ ਕਰਨਾ ਚਾਹੀਦਾ ਹੈ ਕਿ ''ਇਹ ਮੇਰੇ ਉੱਤੇ ਕਿਵੇਂ ਲਾਗੂ ਹੁੰਦਾ ਹੈ?'' ਭਾਵੇਂ ਸਾਨੂੰ ਇਸ ਗੱਲ ਦੀ ਸਮਝ ਹੈ ਕਿ ਮੂਸਾ ਦੀ ਸ਼ਰ੍ਹਾ ਨੂੰ ਚੁੱਕ ਦਿੱਤਾ ਗਿਆ ਹੈ ਤਾਂ ਜੋ ਸਿੱਧੇ ਤੌਰ ਤੇ ਇਸ ਦੇ ਨਿਯਮ ਸਾਡੇ ਉੱਤੇ ਲਾਗੂ ਨਾ ਹੋਣ (ਕੁਲੁੱਸੀਆਂ 2:14), ਪਰ ਫਿਰ ਵੀ ਅਸੀਂ ਇਹ ਸਮਝਦੇ ਹਾਂ ਕਿ ਮਸੀਹੀ ਲੋਕਾਂ ਲਈ ਪੁਰਾਣੇ ਨੇਮ ਨੂੰ ਪੜ੍ਹਨਾ ਫ਼ਾਇਦੇਮੰਦ ਹੈ (ਰੋਮੀਆਂ 15:4; 1 ਕੁਰਿੰਥੀਆਂ 10:11; 2 ਤਿਮੋਥਿਉਸ 3:16, 17)। ਇਸ ਕਰਕੇ ਅਜਿਹੇ

ਅਜੀਬ ਨਿਯਮਾਂ ਵਿੱਚੋਂ ਜਿਹੜੇ ਅਸ਼ੁੱਧਤਾ ਨਾਲ ਸਬੰਧਿਤ ਹਨ ਕੁਝ ਨਾ ਕੁਝ ਉਪਯੋਗੀ ਗੱਲਾਂ ਮਿਲਣ ਦੀ ਉਮੀਦ ਕਰਨੀ ਚਾਹੀਦੀ ਹੈ। ਅਸੀਂ ਉਨ੍ਹਾਂ ਤੋਂ ਕੀ ਸਿੱਖ ਸਕਦੇ ਹਾਂ?

**ਜੋ ਸਾਨੂੰ ਨਹੀਂ ਸਿੱਖਣਾ ਚਾਹੀਦਾ**

ਸਭ ਤੋਂ ਪਹਿਲਾਂ ਇਹ ਧਿਆਨ ਦਈਏ ਕਿ ਸਾਨੂੰ ਉਨ੍ਹਾਂ ਤੋਂ ਕੀ *ਨਹੀਂ* ਸਿੱਖਣਾ ਚਾਹੀਦਾ। ਸਾਨੂੰ ਇਹ ਕਦੇ ਵੀ ਨਹੀਂ ਮੰਨਣਾ ਚਾਹੀਦਾ ਕਿ ਜਿਹੜੀਆਂ ਚੀਜ਼ਾਂ ਇਸਰਾਏਲੀਆਂ ਲਈ ਅਸ਼ੁੱਧ ਸਨ ਅੱਜ ਉਹ ਸਾਡੇ ਲਈ ਅਸ਼ੁੱਧ ਹਨ। ਨਵਾਂ ਨੇਮ ਦੱਸਦਾ ਹੈ ਕਿ ਪੁਰਾਣੇ ਨੇਮ ਨੂੰ ਹਟਾ ਦਿੱਤਾ ਗਿਆ ਹੈ (ਅਫ਼ਸੀਆਂ 2:15)।[14] ਇਹਦਾ ਮਤਲਬ ਇਹ ਹੋਇਆ ਕਿ ਸ਼ੁੱਧ ਅਤੇ ਅਸ਼ੁੱਧ ਨਾਲ ਸਬੰਧਿਤ ਨਿਯਮਾਂ ਸਣੇ ਇਨ੍ਹਾਂ ਵਿੱਚੋਂ ਕੋਈ ਵੀ ਨਿਯਮ, ਸਾਡੇ ਉੱਤੇ ਜਿਹੜੇ ਅੱਜ ਮਸੀਹੀ ਯੁੱਗ ਵਿਚ ਰਹਿੰਦੇ ਹਾਂ, ਸਿੱਧੇ ਤੌਰ ਤੇ ਲਾਗੂ ਨਹੀਂ ਹੋਣਾ ਚਾਹੀਦਾ।

ਨਵਾਂ ਨੇਮ ਦੱਸਦਾ ਹੈ ਕਿ ਪਰਮੇਸ਼ੁਰ ਨੇ ਇਸ ਯੁੱਗ ਵਿਚ ਪੁਰਾਣੇ ਨੇਮ ਦੇ ਸ਼ੁੱਧ ਅਤੇ ਅਸ਼ੁੱਧ ਵਿਚਲੇ ਫ਼ਰਕ ਹਟਾ ਦਿੱਤੇ ਹਨ। ਮਰਕੁਸ 7:19 ਵਿਚ ਯਿਸੂ ਨੇ ''ਸਾਰੇ ਭੋਜਨ ਸ਼ੁੱਧ ਠਹਿਰਾਏ।'' ਇਸ ਉੱਤੇ ਚਰਚਾ ਕਰਦਿਆਂ ਕਿ ਰੋਮ ਵਿਚ ਮਸੀਹੀ ਮਾਸ ਖਾਣ ਜਾਂ ਨਾ (ਕਿਉਂ ਜੋ ਬਜ਼ਾਰ ਵਿੱਚੋਂ ਖ਼ਰੀਦਿਆ ਗਿਆ ਮਾਸ ਮੂਰਤਾਂ ਅੱਗੇ ਚੜ੍ਹਾਇਆ ਗਿਆ ਹੁੰਦਾ ਹੋਵੇਗਾ), ਪੌਲੁਸ ਲਿਖਦਾ ਹੈ, ''ਮੈਂ ਜਾਣਦਾ ਹਾਂ ਅਤੇ ਪ੍ਰਭੂ ਯਿਸੂ ਤੋਂ ਮੈਨੂੰ ਨਿਹਚਾ ਹੋਈ ਹੈ ਕਿ ਕੋਈ ਵਸਤ ਆਪ ਤੋਂ ਆਪ ਅਸ਼ੁੱਧ ਨਹੀਂ'' (ਰੋਮੀਆਂ 14:14)।

ਪਰਮੇਸ਼ੁਰ ਨੇ ਜਦੋਂ ਚਾਹਿਆ ਕਿ ਪਤਰਸ ਪਹਿਲੀ ਵਾਰ ਗੈਰ ਕੌਮਾਂ ਨੂੰ ਇੰਜੀਲ ਸੁਣਾਏ ਤਾਂ ਉਹਨੇ ਉਹਨੂੰ ਨੂੰ ਇਕ ਦਰਸ਼ਣ ਵਿਖਾਇਆ ਜਿਸ ''ਵਿਚ ਸਭ ਤਰ੍ਹਾਂ ਦੇ ਚੁਪਾਏ ਅਰ ਧਰਤੀ ਦੇ ਘਿੱਸਰਨ ਵਾਲੇ ਜੀਉ ਜੰਤ ਅਤੇ ਅਕਾਸ਼ ਦੇ ਪੰਛੀ ਸਨ।'' ਉਸਨੇ ਪਤਰਸ ਨੂੰ ਆਖਿਆ, ''ਉੱਠ ਅਤੇ ਕੱਟ ਅਤੇ ਖਾਹ!'' ਪਤਰਸ ਨੇ ਜਵਾਬ ਦਿੱਤਾ, ''ਨਾ ਪ੍ਰਭੂ ਜੀ ਐਉਂ ਨਹੀਂ ਹੋਣਾ ਕਿਉਂ ਜੋ ਮੈਂ ਕੋਈ ਅਸ਼ੁੱਧ ਯਾ ਭ੍ਰਿਸ਼ਟ ਚੀਜ਼ ਕਦੇ ਨਹੀਂ ਖਾਧੀ।'' ਇਸ ਦੇ ਬਾਅਦ ਉਹਨੂੰ ਦੱਸਿਆ ਗਿਆ, ''ਜੋ ਕੁਝ ਪਰਮੇਸ਼ੁਰ ਨੇ ਸ਼ੁੱਧ ਕੀਤਾ ਉਹ ਨੂੰ ਤੂੰ ਅਸ਼ੁੱਧ ਨਾ ਕਹੁ'' (ਰਸੂਲਾਂ ਦੇ ਕਰਤੱਬ 10:12–15)। ਦਰਸ਼ਣ ਦਾ ਮਕਸਦ ਪਤਰਸ ਨੂੰ ਸਮਝਾਉਣਾ ਸੀ ਕਿ ਉਹ ਗੈਰਕੌਮਾਂ ਨੂੰ ''ਅਸ਼ੁੱਧ'' ਨਾ ਸਮਝੇ ਕਿਉਂ ਜੋ ਉਨ੍ਹਾਂ ਨੂੰ ਵੀ ਇੰਜੀਲ ਉਵੇਂ ਹੀ ਸੁਣਾਈ ਜਾਣੀ ਸੀ ਜਿਵੇਂ ਯਹੂਦੀਆਂ ਨੂੰ। ਪਰ ਦਰਸ਼ਣ ਇਹ ਵੀ ਸਮਝਾਉਂਦਾ ਹੈ ਕਿ ਪਰਮੇਸ਼ੁਰ ਹੁਣ ਸੰਸਾਰ ਦੇ ਜੀਵ ਜੰਤੂਆਂ ਵਿਚ ਕੋਈ ਫ਼ਰਕ ਨਹੀਂ ਕਰਦਾ। ਕੋਈ ਵੀ ਅਸ਼ੁੱਧ ਨਹੀਂ ਹੈ। ਉਨ੍ਹਾਂ ਸਣੇ, ਜਿਹੜੇ ਸ਼ਰ੍ਹਾ ਦੇ ਤਹਿਤ ਅਸ਼ੁੱਧ ਸਨ, ਕਿਸੇ ਨੂੰ ਵੀ ਮਾਰ ਕੇ ਖਾਧਾ ਜਾ ਸਕਦਾ ਹੈ।[15]

ਇਸ ਕਰਕੇ ਅੱਜ ਮਸੀਹੀ ਲੋਕਾਂ ਨੂੰ ਇਹ ਨਿਚੋੜ ਕੱਢਣਾ ਚਾਹੀਦਾ ਹੈ ਕਿ ਅਸ਼ੁੱਧਤਾ ਦਾ ਕੋਈ ਵੀ ਨਿਯਮ ਸਾਡੇ ਉੱਤੇ ਲਾਗੂ ਨਹੀਂ ਹੁੰਦਾ। ਕੀ ਅਸੀਂ ਸੂਰ ਦਾ ਮਾਸ ਖਾ ਸਕਦੇ ਹਾਂ? ਹਾਂ! ਕੀ ਅਸੀਂ ਬਿਨਾਂ ਚਾਨਿਆਂ ਵਾਲੀ ਮੱਛੀ ਖਾ ਸਕਦੇ ਹਾਂ? ਹਾਂ! ਭਲਾ ਜਣੇਪੇ, ਜਾਂ ਧਾਤ ਵਗਣ ਨਾਲ ਕੋਈ ਵਿਅਕਤੀ ਅੱਜ ਰਸਮੀ ਤੌਰ ਤੇ ਅਸ਼ੁੱਧ ਹੁੰਦਾ ਹੈ? ਨਹੀਂ! ਅਸ਼ੁੱਧਤਾ ਦੇ ਨਿਯਮ ਹੁਣ ਲਾਗੂ ਨਹੀਂ ਹੈ।

**ਜੋ ਸਾਨੂੰ ਸਿੱਖਣਾ ਚਾਹੀਦਾ ਹੈ**

ਅਸੀਂ ਇਨ੍ਹਾਂ ਨਿਯਮਾਂ ਨੂੰ ਫੇਰ ਤੋਂ ਸਕਾਰਾਤਮਕ ਨਜ਼ਰੀਏ ਨਾਲ ਵੀ ਵੇਖ ਸਕਦੇ ਹਾਂ। ਆਓ ਵੇਖਦੇ ਹਾਂ ਕਿ ਅਸ਼ੁੱਧਤਾ ਨਾਲ ਸਬੰਧਿਤ ਮੂਸਾ ਦੀ ਸ਼ਰ੍ਹਾ ਦੇ ਨਿਯਮਾਂ ਤੋਂ ਸਾਨੂੰ ਕੀ ਸਿੱਖਣ ਦੀ ਲੋੜ ਹੈ।

1. ਹੁਣ ਭੋਜਨ ਨਾਲ ਸਬੰਧਿਤ ਅਸ਼ੁੱਧਤਾ ਦੇ ਨਿਯਮ ਲਾਗੂ ਨਹੀਂ ਹਨ। ਪਰ ਮਸੀਹੀ ਲੋਕਾਂ ਲਈ ਦੂਜੇ ਮਸੀਹੀਆਂ ਦੀ ਖਾਤਿਰ ਉਨ੍ਹਾਂ ਵਿੱਚੋਂ ਕੁਝ ਨਿਯਮਾਂ ਨੂੰ ਮੰਨਣਾ ਜ਼ਰੂਰੀ ਹੋ ਸਕਦਾ ਹੈ। ਘੱਟੋ–ਘੱਟ ਨਵੇਂ ਨੇਮ ਦੇ ਸਮਿਆਂ ਵਿਚ ਇਹੀ ਨੀਤੀ ਹੋਣੀ ਸੀ। ਪੌਲੁਸ ਨੇ ਇਹ ਕਹਿਣ ਤੋਂ ਬਾਅਦ

ਕਿ ਉਹਨੂੰ ਪਤਾ ਸੀ ਕਿ ''ਕੋਈ ਵਸਤ ਆਪ ਤੋਂ ਆਪ ਅਸ਼ੁੱਧ ਨਹੀਂ ਹੈ'' ਉਸਨੇ ਅੱਗੇ ਆਖਿਆ, ''ਪਰ ਜਿਹੜਾ ਕਿਸੇ ਵਸਤ ਨੂੰ ਅਸ਼ੁੱਧ ਮੰਨਦਾ ਹੈ ਉਹ ਉਸ ਲਈ ਅਸ਼ੁੱਧ ਹੈ'' (ਰੋਮੀਆਂ 14:14)। ਜਿਸ ਕਰਕੇ ਪੌਲੁਸ ਨੇ ਉਨ੍ਹਾਂ ਮਸੀਹੀ ਲੋਕਾਂ ਨੂੰ ਜਿਹੜੇ ਇਹ ਸਮਝਦੇ ਸਨ ਕਿ ਉਹ ਕਿਸੇ ਵੀ ਤਰ੍ਹਾਂ ਦਾ ਮਾਸ ਖਾ ਸਕਦੇ ਹਨ, ਭਾਵੇਂ ਉਹ ਕਿਸੇ ਵੀ ਚੀਜ਼ ਦਾ ਹੋਵੇ, ਜਾਂ ਕਿਤਿਉਂ ਵੀ ਖ਼ਰੀਦਿਆ ਗਿਆ ਹੋਵੇ ਜਾਂ ਕਿਵੇਂ ਵੀ ਕੱਟਿਆ ਗਿਆ ਹੋਵੇ, ਆਖਿਆ ਕਿ ਜੇ ਉਨ੍ਹਾਂ ਵੱਲੋਂ ਉਸ ਦਾ ਖਾਧਾ ਜਾਣਾ ਦੂਜੇ ਮਸੀਹੀਆਂ ਵੱਲੋਂ ਪਾਪ ਕੀਤੇ ਜਾਣ ਦਾ ਕਾਰਣ ਬਣਦਾ ਹੈ ਤਾਂ ਉਹ ਉਸ ਮਾਸ ਨੂੰ ਨਾ ਖਾਣ (ਰੋਮੀਆਂ 14:20, 21)। ਅੱਜ ਜੇ ਕਿਸੇ ਭਰਾ ਦਾ ਮੰਨਣਾ ਹੈ ਕਿ ਕੁਝ ਭੋਜਨ ਅਸ਼ੁੱਧ ਹਨ ਤਾਂ ਉਹ ਉਨ੍ਹਾਂ ਤੋਂ ਦੂਰ ਰਹੇ। ਭਾਵੇਂ ਉਨ੍ਹਾਂ ਨੂੰ ਖਾਣ ਵਿਚ ਹੋ ਸਕਦਾ ਹੈ ਕਿ ਕੋਈ ਬੁਰਿਆਈ ਨਾ ਹੋਵੇ, ਪਰ ਉਹਦੇ ਲਈ ਆਪਣੇ ਅੰਤਹਕਰਣ ਦੀ ਗੱਲ ਨੂੰ ਨਾ ਮੰਨਣਾ ਗ਼ਲਤ ਹੋਵੇਗਾ। ਇਸ ਤੋਂ ਇਲਾਵਾ, ਇਸ ਲਈ ਨਹੀਂ ਕਿ ਕੋਈ ਗੱਲ ਗ਼ਲਤ ਹੈ ਬਲਕਿ ਆਪਣੇ ਭਰਾ ਨੂੰ ਠੋਕਰ ਲੱਗਣ ਤੋਂ ਬਚਾਉਣ ਲਈ, ਸਾਨੂੰ ਓਸੇ ਕੰਮ ਨੂੰ ਕਰਨ ਤੋਂ ਬਚਣਾ ਜ਼ਰੂਰੀ ਹੋ ਸਕਦਾ ਹੈ।

2. ਅਸ਼ੁੱਧਤਾ ਦੇ ਨਿਯਮ ਅੱਜ ਭਾਵੇਂ ਸਾਡੇ ਉੱਤੇ ਲਾਗੂ ਨਹੀਂ ਹਨ, ਪਰ ਉਨ੍ਹਾਂ ਵਿੱਚੋਂ ਕੁਝ ਰੀਤਾਂ ਹਰ ਵਰਗ ਦੇ ਲੋਕਾਂ ਲਈ ਮਦਦਗਾਰ ਜਾਂ ਸਿਹਤਮੰਦ ਹੋ ਸਕਦੀਆਂ ਹਨ। ਸਾਡੇ ਵਿੱਚੋਂ ਬਹੁਤੇ ਲੋਕ ਆਪਣੇ ਹੱਥ ਜਾਂ ਕੱਪੜਿਆਂ ਦੇ ਗੰਦੇ ਹੋਣ ਤੇ ਉਨ੍ਹਾਂ ਨੂੰ ਧੋ ਲੈਂਦੇ ਹਨ, ਬੇਸ਼ੱਕ ਅਜਿਹਾ ਅਸੀਂ ਇਸ ਕਰਕੇ ਨਹੀਂ ਕਰਦੇ ਕਿ ਲੇਵੀਆਂ ਦੀ ਪੋਥੀ ਵਿਚ ਇਸ ਸਬੰਧੀ ਨਿਯਮ ਹਨ ਬਲਕਿ ਇਨ੍ਹਾਂ ਨਿਯਮਾਂ ਵਿਚ ਦੱਸੀਆਂ ਗਈਆਂ ਰੀਤਾਂ ਚੰਗੀਆਂ ਹਨ। ਇਸੇ ਤਰ੍ਹਾਂ ਅਸੀਂ ਉਨ੍ਹਾਂ ਲੋਕਾਂ ਤੋਂ ਪਰ੍ਹੇ ਰਹਿੰਦੇ ਹਾਂ ਜਿਨ੍ਹਾਂ ਨੂੰ ਛੂਤ ਦੀਆਂ ਬੀਮਾਰੀਆਂ ਹੁੰਦੀਆਂ ਹਨ। ਸ਼ਾਇਦ ਹੋਰਨਾਂ ਕੁਝ ਨਿਯਮਾਂ ਵੱਲ ਧਿਆਨ ਦੇ ਕੇ ਅਸੀਂ ਸਿਹਤਮੰਦ ਜ਼ਿੰਦਗੀ ਦੀਆਂ ਕੁਝ ਗੱਲਾਂ ਸਿੱਖ ਸਕਦੇ ਹਾਂ।

3. ਸ਼ੁੱਧਤਾ ਦੇ ਨਿਯਮਾਂ ਨੂੰ ਨਵੇਂ ਨੇਮ ਦੇ ਨਿਯਮਾਂ ਦੇ ਪਰਛਾਵੇਂ ਵਜੋਂ ਵੇਖ ਕੇ ਲਾਗੂ ਕਰਨਾ ਸਭ ਤੋਂ ਵਧੀਆ ਹੋ ਸਕਦਾ ਹੈ। ਇਹ ਨਿਯਮ ਰਸਮੀ ਅਸ਼ੁੱਧਤਾ ਜਾਂ ਗੰਦਗੀ ਤੋਂ ਨਹੀਂ ਬਲਕਿ ਪਾਪ ਨਾਲ ਹੋਣ ਵਾਲੀ ਆਤਮਿਕ ਅਸ਼ੁੱਧਤਾ ਤੋਂ ਮਨ੍ਹਾਂ ਕਰਦੇ ਹਨ। ਨਵੇਂ ਨੇਮ ਵਿਚ ਮਸੀਹੀ ਲੋਕਾਂ ਨੂੰ ਰਸਮੀ ਤੌਰ ਤੇ ਸ਼ੁੱਧ ਹੋਣਾ ਜ਼ਰੂਰੀ ਨਹੀਂ ਸੀ ਬਲਕਿ ਸਾਨੂੰ ਨੈਤਿਕ ਤੌਰ ਤੇ ਸ਼ੁੱਧ ਹੋਣਾ ਜ਼ਰੂਰੀ ਹੈ। ਪੌਲੁਸ ਨੇ ਲਿਖਿਆ, ''ਆਪਣੇ ਆਪ ਨੂੰ ਸੁੱਚਾ ਰੱਖ'' (1 ਤਿਮੋਥਿਉਸ 5:22; KJV)। NASB ਵਿਚ ਹੈ ''ਆਪਣੇ ਆਪ ਨੂੰ ਪਾਪ ਤੋਂ ਮੁਕਤ ਰੱਖ।'' ਕੁਰਿੰਥੀਆਂ ਦੇ ਨਾਂਅ ਖ਼ਤ ਵਿਚ ਉਸਨੇ ਲਿਖਿਆ, ''ਹੇ ਪਿਆਰਿਓ, ਜਦੋਂ ਏਹ ਵਚਨ ਸਾਨੂੰ ਦਿੱਤੇ ਹੋਏ ਸਨ ਤਾਂ ਆਓ, ਅਸੀਂ ਆਪਣੇ ਆਪ ਨੂੰ ਸਰੀਰ ਅਤੇ ਆਤਮਾ ਦੀ ਸਾਰੀ ਮਲੀਨਤਾਈ ਤੋਂ ਸ਼ੁੱਧ ਕਰ ਕੇ ਪਰਮੇਸ਼ੁਰ ਦੇ ਭੌ ਨਾਲ ਪਵਿੱਤਰਤਾਈ ਨੂੰ ਸੰਪੂਰਨ ਕਰੀਏ'' (2 ਕੁਰਿੰਥੀਆਂ 7:1)। ਯਾਕੂਬ ਨੇ ਆਖਿਆ, ''ਸਾਡੇ ਪਰਮੇਸ਼ੁਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ ਭਗਤੀ ਇਹ ਹੈ ਭਈ ਅਨਾਥਾਂ ਅਤੇ ਵਿਧਵਾਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ'' (ਯਾਕੂਬ 1:27)। ਯੂਹੰਨਾ ਨੇ ਆਖਿਆ, ''ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿਚ ਹਨ'' (1 ਯੂਹੰਨਾ 2:15)।

ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਕਲੀਸੀਆ ਵੀ ਉਵੇਂ ਹੀ ''ਪਵਿੱਤਰ ਕੌਮ'' ਹੈ, ਜਿਵੇਂ ਇਸਰਾਏਲ ਸੀ। ਪਰਮੇਸ਼ੁਰ ਦੀ ''ਪਵਿੱਤਰ ਕੌਮ'' ਦੇ ਰੂਪ ਵਿਚ ਅੱਜ ਸਾਡੇ ਲਈ ਅਸ਼ੁੱਧਤਾ ਤੋਂ ਮੁਕਤ ਰਹਿਣ, ਆਪਣੇ ਆਪ ਤੋਂ ਬਚਾਈ ਰੱਖਣ ਅਤੇ ਜੋ ਕਲੀਸੀਆ ਅਸੀਂ ਬਣਦੇ ਹਾਂ ਉਹਨੂੰ ਪਾਪ ਤੋਂ ਮੁਕਤ ਰੱਖਣ ਦੀ ਕੋਸ਼ਿਸ਼ ਕਰਨਾ ਜ਼ਰੂਰੀ ਹੈ। ਅਸੀਂ ਅਜਿਹਾ ਕਿਵੇਂ ਕਰ ਸਕਦੇ ਹਾਂ? ਜੋ ਕੁਝ ਵੀ ਅਸੀਂ ਬੋਲਦੇ ਜਾਂ ਕਰਦੇ ਹਾਂ ਉਹਦੇ ਲਈ ਇਹ ਪੁੱਛ ਕੇ ਕਿ ''ਇਹ ਮੈਨੂੰ ਪਾਪ ਵੱਲ ਤਾਂ ਨਹੀਂ ਲਿਜਾਏਗਾ? ਇਹ ਅਸ਼ੁੱਧ ਅਤੇ ਅਪਵਿੱਤਰ ਤਾਂ ਨਹੀਂ? ਇਸ ਨਾਲ ਗੰਦੇ ਵਿਚਾਰ ਅਤੇ ਗੰਦੇ ਕੰਮ ਤਾਂ ਨਹੀਂ ਹੋਣਗੇ?'' ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਜੋ ਕੁਝ ਅਸੀਂ ਬੋਲਦੇ ਹਾਂ, ਜੋ ਕੁਝ ਅਸੀਂ ਪਹਿਨਦੇ

ਹਾਂ, ਜਿੱਥੇ ਅਸੀਂ ਜਾਂਦੇ ਹਾਂ, ਜੋ ਸਾਡੇ ਦੋਸਤ ਹਨ, ਜੋ ਅਸੀਂ ਪੜ੍ਹਦੇ ਹਾਂ, ਜੋ ਅਸੀਂ ਵੇਖਦੇ ਹਾਂ, ਜੋ ਅਸੀਂ ਮਨ ਪਰਚਾਵੇ ਲਈ ਕਰਦੇ ਹਾਂ, ਅਤੇ ਜੋ ਅਸੀਂ ਪੀਂਦੇ ਹਾਂ ਉਸ ਸਭ ਦਾ ਧਿਆਨ ਰੱਖਣਾ ਜ਼ਰੂਰੀ ਹੈ। ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਚੀਜ਼ਾਂ ਨੂੰ ਸਾਨੂੰ ਪਰਤਾਵੇ ਅਤੇ ਪਾਪ ਵਿਚ ਲਿਜਾਣ ਦੀ ਇਜਾਜ਼ਤ ਨਾ ਦਈਏ। ਪਰਮੇਸ਼ੁਰ ਤਾਂ ਚਾਹੁੰਦਾ ਹੈ ਕਿ ਅਸੀਂ ਸ਼ੁੱਧ ਬਣੀਏ, ਪਰ ਆਪਣੇ ਆਪ ਨੂੰ ''ਸੰਸਾਰ ਤੋਂ ਬੇਦਾਗ'' ਰੱਖਣਾ ਸਾਡੇ ਹੱਥ ਵਿਚ ਹੈ।

ਅੱਜ ਸਾਨੂੰ ''ਸ਼ੁੱਧ'' ਅਤੇ ''ਅਸ਼ੁੱਧ'' ਭੋਜਨਾਂ ਵਿਚ ਫ਼ਰਕ ਕਰਨ ਦੀ ਲੋੜ ਨਹੀਂ ਹੈ। ਸਾਨੂੰ ਇਸ ਗੱਲ ਲਈ ਐਨੇ ਪਰੇਸ਼ਾਨ ਹੋਣ ਦੀ ਲੋੜ ਨਹੀਂ ਹੈ ਕਿ ਅਸੀਂ ਕੀ ਖਾਂਦੇ ਹਾਂ, ਪਰ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਸਾਡੇ ਮਨ ਵਿਚ ਕਿਹੋ ਜਿਹੇ ਵਿਚਾਰ ਅਤੇ ਵਿਹਾਰ ਆਉਂਦੇ ਹਨ। ਗੰਦੀਆਂ ਤਸਵੀਰਾਂ ਦੀ ''ਖ਼ੁਰਾਕ'' ਲੈਣ ਵਾਲਾ ਵਿਅਕਤੀ ਉਹ ਸ਼ੁੱਧ ਅਤੇ ਪਵਿੱਤਰ ਭਾਂਡਾ ਨਹੀਂ ਬਣ ਸਕਦਾ ਜਿਸਦੀ ਪ੍ਰਭੂ ਨੂੰ ਆਪਣੀ ਸੇਵਾ ਲਈ ਲੋੜ ਹੈ। ਜੇ ਸਾਡੇ ਮਨ ਸੰਸਾਰਕ ਇੱਛਾਵਾਂ ਨਾਲ ਬੇਤਰਤੀਬ ਹੋਏ ਪਏ ਹਨ ਜਾਂ ਨਫ਼ਰਤ ਨਾਲ ਉਬਾਲੇ ਮਾਰ ਰਹੇ ਹਨ, ਨਫ਼ਰਤ ਜਾਂ ਬਦਲਾ ਲੈਣ ਦੀ ਇੱਛਾ ਨਾਲ ਭਰੇ ਪਏ ਹਨ ਤਾਂ ਪਰਮੇਸ਼ੁਰ ਸਾਨੂੰ ਆਪਣੀ ਵਡਿਆਈ ਲਈ ਸਹੀ ਢੰਗ ਨਾਲ ਨਹੀਂ ਵਰਤ ਸਕਦਾ। ਸਾਡੇ ਮਨਾਂ ਦੇ ਅੰਦਰ ਜੋ ਕੁਝ ਜਾਂਦਾ ਹੈ, ਸਾਨੂੰ ਉਸ ਦੇ ਲਈ ਸਾਨੂੰ ਚੁਕੰਨੇ ਰਹਿਣਾ ਜ਼ਰੂਰੀ ਹੈ। ਅਸੀਂ ਚੰਗੀਆਂ ਅਤੇ ਗੁਣਕਾਰੀ ਗੱਲਾਂ ਹੀ ਵਿਚਾਰੀਏ (ਫ਼ਿਲਿੱਪੀਆਂ 4:8)।

## ਸਾਰ

ਲੇਵੀਆਂ ਦੀ ਪੋਥੀ ਪਵਿੱਤਰਤਾਈ ਦੇ ਬਾਰੇ ਹੈ। ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਪਵਿੱਤਰ ਕੌਮ ਬਣਨ ਲਈ ਆਖਿਆ, ਜਿਹੜੀ ਲਹੂ ਦੇ ਰਾਹੀਂ ਸ਼ੁੱਧ ਕੀਤੀ ਗਈ ਅਤੇ ਅਸ਼ੁੱਧਤਾਈ ਤੋਂ ਮੁਕਤ ਕੀਤੀ ਗਈ ਸੀ। ਇਸੇ ਤਰ੍ਹਾਂ ਪਰਮੇਸ਼ੁਰ ਅੱਜ ਸਾਨੂੰ ਆਪਣੇ ਲੋਕ ਭਾਵ ਇਕ ਪਵਿੱਤਰ ਕੌਮ ਬਨਾਉਣਾ ਚਾਹੁੰਦਾ ਹੈ ਜਿਹੜੀ ਮਸੀਹ ਦੇ ਲਹੂ ਦੇ ਰਾਹੀਂ ਸ਼ੁੱਧ ਕੀਤੀ ਗਈ ਅਤੇ ਪਾਪ ਦੀ ਗੰਦਗੀ ਤੋਂ ਮੁਕਤ ਕੀਤੀ ਗਈ ਹੈ।

ਕੋਈ ਇਤਰਾਜ਼ ਕਰ ਸਕਦਾ ਹੈ, ''ਪਾਪ ਕਰਨ ਤੋਂ ਬਚੇ ਰਹਿਣਾ ਮੁਸ਼ਕਿਲ ਹੈ।'' ਸੱਚ ਹੈ। ਕਿਉਂਕਿ ਅਸਲ ਵਿਚ ਅਸੀਂ ਸਾਰੇ ਪਾਪ ਕਰਦੇ ਹਾਂ (ਰੋਮੀਆਂ 3:23; 1 ਯੂਹੰਨਾ 1:8, 10)। ਪਾਪ ਬੁਰੀ ਖ਼ਬਰ ਹੈ, ਪਰ ਚੰਗੀ ਖ਼ਬਰ ਵੀ ਹੈ। ਜਿਵੇਂ ਮੂਸਾ ਦੀ ਸ਼ਰ੍ਹਾ ਦੇ ਤਹਿਤ ਉਵੇਂ ਹੀ ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਲਈ ਜਿਹੜੇ ਅਸ਼ੁੱਧ ਹੋ ਗਏ, ਸ਼ੁੱਧ ਹੋਣ ਦੇ ਇੰਤਜ਼ਾਮ ਕੀਤੇ, ਸਾਡੇ ਲਈ ਰਾਹ ਬਣਾਇਆ ਕਿ ਪਾਪ ਨਾਲ ਸਾਡੇ ਫੇਰ ਤੋਂ ਅਸ਼ੁੱਧ ਹੋ ਜਾਣ ਤੇ, ਉਹ ਸਾਡਾ ਪਾਪ ਮਾਫ਼ ਕਰੇ। ਉਹ ਰਾਹ ਮਸੀਹ ਹੈ (ਯੂਹੰਨਾ 14:6)। ਉਹ ਨਵੇਂ ਨੇਮ ਦਾ ਵਿਚੋਲਾ ਅਤੇ ਮਹਾਯਾਜਕ ਹੈ (1 ਤਿਮੋਥਿਉਸ 2:5; ਇਬਰਾਨੀਆਂ 8:1, 6)। ਉਹ ਪਰਮੇਸ਼ੁਰ ਦੇ ਅੱਗੇ ਸਾਡੇ ਲਈ ਸਿਫ਼ਾਰਿਸ਼ ਕਰਦਾ ਹੈ (ਇਬਰਾਨੀਆਂ 7:25)। ਯੂਹੰਨਾ ਨੇ ਆਖਿਆ, ''ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ'' (1 ਯੂਹੰਨਾ 2:1)। ਉਸ ਦੇ ਨਾਮ ਵਿਚ ਸਾਨੂੰ ਧੋਤਾ ਜਾਂਦਾ, ਪਵਿੱਤਰ ਕੀਤਾ ਜਾਂਦਾ ਅਤੇ ਧਰਮੀ ਠਹਿਰਾਇਆ ਜਾਂਦਾ ਹੈ (1 ਕੁਰਿੰਥੀਆਂ 6:11)।

ਪੁਰਾਣੇ ਨੇਮ ਦੇ ਸਮਿਆਂ ਵਾਂਗ ਹੀ, ਅੱਜ ਲੋਕਾਂ ਨੂੰ ਕੁਝ ਕਰਨਾ ਜ਼ਰੂਰੀ ਹੈ। ਜਿਹੜੇ ਲੋਕ ਮਸੀਹੀ ਨਹੀਂ ਹਨ ਉਨ੍ਹਾਂ ਨੂੰ ਮਸੀਹ ਵਿਚ ਵਿਸ਼ਵਾਸ ਕਰਕੇ ਅਤੇ ਬਪਤਿਸਮਾ ਲੈ ਕੇ ਇੰਜੀਲ ਦਾ ਹੁਕਮ ਮੰਨਣ ਲਈ ਆਖਿਆ ਜਾਂਦਾ ਹੈ (ਮਰਕੁਸ 16:16)। ਜਿਹੜੇ ਲੋਕ ਮਸੀਹੀ ਹਨ ਉਨ੍ਹਾਂ ਲਈ ਆਪਣੇ ਪਾਪਾਂ ਦਾ ਇਕਰਾਰ ਕਰਨਾ ਅਤੇ ਉਨ੍ਹਾਂ ਤੋਂ ਤੋਬਾ ਕਰਨਾ ਜ਼ਰੂਰੀ ਹੈ (ਰਸੂਲਾਂ ਦੇ ਕਰਤੱਬ 8:22; ਵੇਖੋ 1 ਯੂਹੰਨਾ 1:9)। ਮੂਸਾ ਦੇ ਸਮੇਂ ਦੌਰਾਨ ਅਸ਼ੁੱਧ ਵਿਅਕਤੀ ਲਈ ਆਪਣੇ ਆਪ ਨੂੰ ਪਾਣੀ ਨਾਲ ਧੋਣਾ ਜ਼ਰੂਰੀ ਸੀ। ਨਵੇਂ ਨੇਮ ਦੇ ਸਮੇਂ ਵਿਚ ਸਾਡੇ ਲਈ ਪਾਪ ਤੋਂ ਸ਼ੁੱਧ ਹੋਣ ਲਈ ਪਰਮੇਸ਼ੁਰ ਦੇ ਲੇਲੇ ਦੇ

ਲਹੂ ਵਿਚ ਧੋਤੇ ਜਾਣਾ ਜ਼ਰੂਰੀ ਹੈ। ਉਹਦਾ ਲਹੂ ਤੁਹਾਡੇ ਲਈ ਉਪਲਬਧ ਹੁੰਦਾ ਹੈ ਜੇ ਤੁਸੀਂ ਉਹੀ ਕਰਦੇ ਹੋ ਜੋ ਪ੍ਰਭੂ ਤੁਹਾਥੋਂ ਚਾਹੁੰਦਾ ਹੈ ਕਿ ਤੁਸੀਂ ਕਰੋ। ਕੀ ਤੁਸੀਂ ਅਸ਼ੁੱਧ ਹੋ? ਤੁਸੀਂ ਸ਼ੁੱਧ ਹੋ ਸਕਦੇ ਹੋ ਜੋ ਤੁਸੀਂ ''ਲੇਲੇ ਦੇ ਲਹੂ ਵਿਚ ਧੋਤੇ'' ਜਾਓ।

ਕੋਏ ਡੀ. ਰੋਪਰ

---

ਟਿੱਪਣੀਆਂ

[1]ਗੋਰਡਨ ਜੇ. ਵੈਨਹਮ, *ਦ ਬੁਕ ਆਫ਼ ਲੇਵੀਆਂ ਦੀ ਪੋਥੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979), 217 ਵਿਚ ਲੇਵੀਆਂ 15 ਦੇ ਕਿਆਸਟਿਕ ਬਣਤਰ ਦੀ ਚਰਚਾ ਕੀਤੀ ਗਈ ਹੈ। [2]*ਦ ਇੰਟਰਪ੍ਰੇਟਰ'ਜ਼ ਵਨ-ਵੌਲਿਊਮ ਕਮੈਂਟਰੀ ਆਨ ਦ ਬਾਈਬਲ*, ਸੰਪਾ. ਚਾਰਲਸ ਐਮ. ਲੇਮਨ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1971), 77 ਵਿਚ ਜੇਕਬ ਮਿਲਗ੍ਰੋਮ, ''ਦ ਬੁਕ ਆਫ਼ ਲੇਵੀਆਂ ਦੀ ਪੋਥੀ।'' [3]ਇਬਰਾਨੀ ਸ਼ਬਦ ਦਾ ਅਨੁਵਾਦ ''ਬਹੇ'' (''ਦੌੜੇ''; KJV) ਆਇਤ 3 ਵਾਲੀ ਮੁਸ਼ਕਿਲ ਦਾ ਸੁਝਾਅ ਦਿੰਦਾ ਹੈ। ''ਇਹ ਸ਼ਬਦ (ਇਬ੍ਰਾ. *rār*) ਇਬਰਾਨੀ ਬਾਈਬਲ ਵਿਚ ਕਿਤੇ ਹੋਰ ਨਹੀਂ ਮਿਲਦਾ, ਪਰ ਇਹ ਨਾਉਂ ਸ਼ਬਦ *rîr* ਨਾਲ ਸਬੰਧਿਤ ਹੈ ਜਿਸ ਦਾ ਅਰਥ ਲੇਸਦਾਰ ਰਸ ''ਜਾਂ 'ਲਾਰ' ਹੈ (ਤੁਲਨਾ 1 ਸਮੂਏਲ [21]: 13; ਅੱਯੂਬ 6:6)'' (ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ-ਵਰਸਿਟੀ ਪ੍ਰੈੱਸ, 1980], 160. [4]ਪੁਰਾਣੇ ਜ਼ਮਾਨੇ ਤੋਂ ਹੀ ਇਸ ਬੀਮਾਰੀ ਨੂੰ ਸੁਜ਼ਾਕ ਸਮਝਿਆ ਜਾਂਦਾ ਸੀ। (ਜੋਸੇਫ਼ਸ *ਵਾਰਜ਼* 6.9.3.) [5]ਉਦਾਹਰਣ ਲਈ ਆਰ. ਲੇਅਰਡ ਹੈਰਿਸ ਨੇ ਲਿਖਿਆ ਕਿ ''ਨੇੜਲੇ ਪੂਰਬ ਵਿਚ ਅੱਜ ਵੀ ਦਸਤ ਆਮ ਗੱਲ ਹੈ ਅਤੇ ਕਈ ਵਾਰ ਇਹ ਕਈ ਗੰਭੀਰ ਬੀਮਾਰੀ ਦਾ ਲੱਛਣ ਹੁੰਦਾ ਹੈ।'' ਉਹਨੇ ਇਹ ਵੀ ਕਿਹਾ ਕਿ ਇਸ ਪੈਰ੍ਹੇ ਦੀਆਂ ''ਪਾਬੰਦੀਆਂ'' ਹੋਰਨਾਂ ਬੀਮਾਰੀਆਂ ਨਾਲੋਂ ''ਦਸਤ ਨਾਲ ਬੇਹਤਰ ਮੇਲ ਖਾਂਦੀਆਂ ਹਨ।'' (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫ੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990], 586 ਵਿਚ ਆਰ. ਲੇਅਰਡ ਹੈਰਿਸ, ''ਲੇਵੀਆਂ ਦੀ ਪੋਥੀ।'' ਇਸ ਹਵਾਲੇ ਵਿਚ ਅਨੁਵਾਦ ਹੋਏ ਸ਼ਬਦ ''ਸਰੀਰ'' ਦਾ ਅਰਥ ''ਦੇਹ'' ਹੈ ਅਤੇ ਇਹ ਮਰਦ ਜਾਂ ਤੀਵੀਂ ਕਿਸੇ ਲਈ ਵੀ ਲਾਗੂ ਹੋ ਸਕਦਾ ਹੈ; ਸੋ ਹੈਰਿਸ ਦੇ ਮੁਤਾਬਿਕ ਇਸ ਪੈਰ੍ਹੇ ਨੂੰ ਆਦਮੀ ਅਤੇ ਔਰਤ ਦੋਹਾਂ ਲਈ ਵਰਤਿਆ ਜਾ ਸਕਦਾ ਹੈ। ਪਰ ਇਸ ਹਵਾਲੇ ਦੀ ਬਣਤਰ ਅਤੇ ਵਿਸ਼ਾ ਇਸ ਸੁਝਾਅ ਦੀ ਦਲੀਲ ਦਿੰਦਾ ਹੈ ਕਿ ਇਹ ਪੈਰ੍ਹਾ ਸਿਰਫ਼ ਆਦਮੀਆਂ ਲਈ ਹੈ ਅਤੇ ਉਨ੍ਹਾਂ ਦੇ ਧਾਤ ਵਗਣ ਦੀ ਗੱਲ ਕਰਦਾ ਹੈ। ਇਸ ਕਰਕੇ ਲਗਦਾ ਨਹੀਂ ਹੈ ਕਿ ਇਸ ਦਾ ਅਰਥ ਦਸਤ ਜਾਂ ਪੇਚਿਸ਼ ਹੈ, ਕਿਉਂ ਜੋ ਉਹ ਤਕਲੀਫ਼ ਆਦਮੀ ਅਤੇ ਔਰਤਾਂ ਦੋਹਾਂ ਨੂੰ ਹੋ ਸਕਦੀ ਹੈ ਅਤੇ ਆਦਮੀ ਦੀ ਮਰਦਾਨਾ ਸਿਹਤ ਨਾਲ ਸਬੰਧਿਤ ਨਹੀਂ ਹੈ। [6]ਵਾਰੇਨ ਡਬਲਯੂ. ਵਿਅਰਸਬੇ, *ਬੀ ਹੋਲੀ* (ਵ੍ਹੀਟਨ, ਇਲਿਨੋਇ: ਵਿਕਟਰ ਬੁਕਸ, 1994), 65. [7]ਵੈਨਹਮ, 223-24. [8]ਇਬਰਾਨੀ ਲਿਖਤ ਵਿਚ ''ਡੇਰਾ'' (*mishkan*, *ਮਿਸ਼ਕਾਨ*) ਬੁਨਿਆਦੀ ਤੌਰ ਤੇ ''ਨਿਵਾਸ'' ਜਾਂ ''ਨਿਵਾਸ ਸਥਾਨ'' ਹੈ (ਵੇਖੋ NAB; NJB) । ਜੌਰਜ ਏ. ਐੱਫ਼. ਨਾਈਟ ਨੇ ਆਇਤ 31 ਵਾਲੇ ''ਡੇਰੇ'' ਨੂੰ ਮਨੁੱਖੀ ਸਰੀਰ ਨਾਲ ਮਿਲਾਇਆ: ''ਜਿਵੇਂ ਕਿ ਆਇਤ 31 ਵਿਚ ਵੇਖਿਆ ਗਿਆ ਹੈ, ਇਨ੍ਹਾਂ ਸਾਰੇ ਨਿਯਮਾਂ ਦਾ ਬੁਨਿਆਦੀ ਕਾਰਣ ਇਹ ਹੈ ਕਿ ਅਸ਼ੁੱਧਤਾ ਪਰਮੇਸ਼ੁਰ ਦੇ ਬਣਾਏ ਮਨੁੱਖੀ ਦੇਹ ਦੇ ਖ਼ੂਬਸੂਰਤ ਭੇਤ ਅਤੇ ਜਿਸ ਨੂੰ ਉਹਨੇ ਸਾਨੂੰ ਇਕ ਪਵਿੱਤਰ ਚੀਜ਼ ਵਜੋਂ ਦਿੱਤਾ ਹੈ, ਦੇ ਵਿਰੁੱਧ ਇਕ ਅਪਰਾਧ ਹੈ'' (ਜੌਰਜ ਏ. ਐੱਫ਼. ਨਾਈਟ, *ਲੇਵੀਆਂ ਦੀ ਪੋਥੀ*, ਦ ਡੇਅਲੀ ਸਟੱਡੀ ਬਾਈਬਲ [ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1981], 83)। ਅੱਜ ਪਰਮੇਸ਼ੁਰ ਦੇ ਨਿਵਾਸ ਸਥਾਨ ਬਾਰੇ ਭਾਵੇਂ ਨਾਈਟ ਦੀ ਗੱਲ ਸਹੀ ਹੈ (1 ਕੁਰਿੰਥੀਆਂ 6:19), ਪਰ ਇਹ ਵੀ ਹੋ ਸਕਦਾ ਹੈ ਕਿ ਇਸ ਆਇਤ

ਵਿਚ ਜਿਸ ''ਨਿਵਾਸ'' ਦੀ ਗੱਲ ਕੀਤੀ ਗਈ ਹੈ ਉਹ ਅਸਲ ਵਿਚ ਸਚਮੁਚ ਡੇਰਾ ਜਾਂ ਤੰਬੂ ਹੈ। [9]ਰੌਏ ਗੇਨ, *ਲੇਵਿਟਿਕਸ, ਨੰਬਰਜ਼,* ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2004), 261–62. [10]ਵੈਨਹਮ, 222–23

[11]ਰਿਚਰਡ ਐੱਨ. ਬੋਇਸ ਨੇ ਚਮੜੀ ਦੇ ਰੋਗਾਂ ਦੇ ''ਫੋੜਿਆਂ'' ਦੇ ਨਾਲ ਮਿਲਾਉਂਦੇ ਹੋਏ ''ਅਸ਼ੁੱਧ'' ਦੱਸੀਆਂ ਗਈਆਂ ਚੀਜ਼ਾਂ ਨੂੰ ਅਧਿਆਇ 13 ਅਤੇ 14 ਵਿਚ ਚਰਚਾ ਕੀਤੇ ਗਏ ਸਰੀਰ ਉੱਤੇ ''ਫੋੜੇ'' ਦੱਸਿਆ। ਉਸਨੇ ਕਿਹਾ ਕਿ ਹਰ ਤਰ੍ਹਾਂ ਦੇ ਫੋੜਿਆਂ ਦਾ, ਭਾਵੇਂ ਉਹ ਜਣਨ ਦਾ ਕਾਰਣ ਬਣਨ ਵਾਲੇ ਹੁੰਦੇ ਹਨ, ''ਸਾਡੇ ਬੰਦਗੀ ਵਿਚ ਦੁਬਾਰਾ ਤੋਂ ਵੜਨ ਤੋਂ ਪਹਿਲਾਂ ਕੁਝ ਨਾ ਕੁਝ ਕੀਤਾ ਜਾਣਾ ਜ਼ਰੂਰੀ ਹੈ'' (ਰਿਚਰਡ ਐੱਨ. ਬੋਇਸ, *ਲੇਵੀਆਂ ਦੀ ਪੋਥੀ ਐਂਡ ਗਿਣਤੀ*, ਵੈਸਟਮਿੰਸਟਰ ਬਾਈਬਲ ਕੰਪੈਨਿਅਨ [ਲੂਈਸਵਿਲ: ਵੈਸਟਮਿੰਸਟਰ ਜੌਨ ਨੌਕਸ ਪ੍ਰੈੱਸ, 2008], 51)। [12]ਇਹ ਅਭਿਵਿਅਕਤੀ KJV ਦੇ 1 ਪਤਰਸ 2:9 ਤੋਂ ਲਈ ਗਈ ਹੈ ਜਿੱਥੇ ਇਸ ਨੂੰ ਮਸੀਹੀ ਲੋਕਾਂ ਦੇ ਵਰਣਨ ਲਈ ਵਰਤਿਆ ਗਿਆ ਹੈ। [13]ਇਨ੍ਹਾਂ ਅਤੇ ਹੋਰ ਸੰਭਾਵਨਾਵਾਂ ਉੱਤੇ *ਡਿਕਸ਼ਨਰੀ ਆਫ਼ ਦ ਓਲਡ ਟੈਸਟਾਮੈਂਟ: ਪੈਂਟਾਟਿਊਕ*, ਸੰਪਾ. ਟੀ. ਡੇਸਮੰਡ ਅਲਗਜ਼ੈਂਡਰ ਐਂਡ ਡੇਵਿਡ ਡਬਲਯੂ. ਬੇਕਰ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 2003), 426–29 ਵਿਚ ਜੌਨ ਈ. ਹਾਰਟਲੇ, ''ਹੋਲੀ ਐਂਡ ਹੋਲੀਨੈੱਸ, ਕਲੀਨ ਐਂਡ ਅਨਕਲੀਨ'' ਵਿਚ ਵਿਚਾਰ ਕੀਤਾ ਗਿਆ ਹੈ। [14]ਮਸੀਹ ਨੇ ਆਣ ਕੇ ਪੁਰਾਣੀ ਸ਼ਰ੍ਹਾ ਨੂੰ ਪੂਰਿਆਂ ਕਰ ਦਿੱਤਾ (ਮੱਤੀ 5:17; ਕੁਲੁੱਸੀਆਂ 2:14)। ਦਸ ਹੁਕਮਾਂ ਵਿੱਚੋਂ ਤਕਰੀਬਨ ਸਾਰੇ ਦੇ ਸਾਰੇ ਨਵੇਂ ਨੇਮ ਵਿਚ ਦੇ ਦਿੱਤੇ ਗਏ, ਅਤੇ ਸਾਨੂੰ ਨਵੇਂ ਨੇਮ ਨੂੰ ਮੰਨਣਾ ਜ਼ਰੂਰੀ ਹੈ। [15]ਨਵੇਂ ਨੇਮ ਦੇ ਹੋਰ ਹਵਾਲੇ ਜਿਨ੍ਹਾਂ ਤੋਂ ਅੱਜ ਖਾਣ–ਪੀਣ ਦੇ ਨਿਯਮ ਲਾਗੂ ਕਰਨ ਦੀ ਗ਼ਲਤੀ ਦਾ ਪਤਾ ਲਗਦਾ ਹੈ (ਵੇਖੋ 1 ਕੁਰਿੰਥੀਆਂ 8:8; ਕੁਲੁੱਸੀਆਂ 2:16–23; 1 ਤਿਮੋਥਿਉਸ 4:1–6)।